


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Thursday 02 April, 2026 | website: www.cee7news.com


## ਉੱਪਰੀ ਹਵਾਵਾਂ ਦੀਆਂ ਜੈੱਟ ਸਟ੍ਰੀਮਾਂ ਕਾਰਨ ਮੌਸਮ ਤੇਜ਼ੀ ਨਾਲ ਬਦਲ ਰਿਹਾ ਹੈ



ਚੇਤਾਵਨੀ ਅਨੁਸਾਰ ਪੰਜਾਬ ਦੇ 12 ਜ਼ਿਲ੍ਹਿਆਂ ਵਿਚ ਹਲਕਾ ਤੋਂ ਦਰਮਿਆਨਾ ਮੀਂਹ ਪੈਣ ਦੀ ਉਮੀਦ ਹੈ। ਇਹ ਜ਼ਿਲ੍ਹੇ ਹਨ: ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਹੁਸਿਆਰਪੁਰ, ਨਵਾਂਸ਼ਹਿਰ, ਰੂਪਨਗਰ, ਐਸਏਐਸ ਨਗਰ (ਮੋਹਾਲੀ), ਕਪੂਰਥਲਾ, ਜਲੰਧਰ, ਫਤਿਹਗੜ੍ਹ ਸਾਹਿਬ, ਪਟਿਆਲਾ ਅਤੇ ਤਰਨ ਤਾਰਨ। ਚੰਡੀਗੜ੍ਹ ਵਿਚ ਵੀ ਬੱਦਲਵਾਈ ਰਹਿਣੀ ਉਮੀਦ ਹੈ ਅਤੇ ਮੌਸਮ ਵਿਗੜ ਸਕਦਾ ਹੈ। ਸਕਾਈਮੈਟ ਵੈਦਰ ਦੇ ਸੀਨੀਅਰ ਵਿਗਿਆਨੀ ਡਾ. ਮਹੇਸ਼ ਪਾਲਾਵਤ ਨੇ ਕਿਹਾ ਹੈ ਕਿ ਪਹਾੜੀ ਖੇਤਰਾਂ ਵਿਚ ਵੈਸਟਰਨ ਡਿਸਟਰਬੈਂਸਾਂ ਦੀ ਲੜੀ ਲਗਾਤਾਰ ਸਰਗਰਮ ਰਹੇਗੀ। ਇਸ ਕਾਰਨ ਉੱਤਰ-ਪੱਛਮੀ ਭਾਰਤ ਵਿਚ ਕਈ ਥਾਵਾਂ ਤੇ ਭਾਰੀ ਮੀਂਹ ਵੀ ਪੈ ਸਕਦਾ ਹੈ।

ਇਸ ਮੌਸਮੀ ਤਬਦੀਲੀ ਦਾ ਅਸਰ ਅਪ੍ਰੈਲ ਮਹੀਨੇ ਦੇ ਸ਼ੁਰੂ ਵਿਚ ਹੀ ਦਿਖਾਈ ਦੇਵੇਗਾ। ਅੱਜ 1 ਅਪ੍ਰੈਲ ਅਤੇ ਕੱਲ੍ਹ 2 ਅਪ੍ਰੈਲ ਨੂੰ ਮੀਂਹ ਦੀ ਸੰਭਾਵਨਾ ਵਧੇਰੇ ਹੈ। ਇਸ ਤੋਂ ਬਾਅਦ 3 ਅਤੇ 4 ਅਪ੍ਰੈਲ ਨੂੰ ਰਾਜ ਦੇ ਕਈ ਇਲਾਕਿਆਂ ਵਿਚ ਮੀਂਹ ਪੈਣ ਦੀ ਉਮੀਦ ਹੈ। ਫਿਰ 5 ਅਤੇ 6 ਅਪ੍ਰੈਲ ਨੂੰ ਵੀ ਕੁਝ ਥਾਵਾਂ ਤੇ ਹਲਕਾ ਤੋਂ ਦਰਮਿਆਨਾ ਮੀਂਹ ਹੋ ਸਕਦਾ ਹੈ। ਆਈਐੱਮਡੀ ਡਾਇਰੈਕਟਰ ਸੁਰਿੰਦਰ ਪਾਲ ਨੇ ਕਿਹਾ ਹੈ ਕਿ 6 ਅਪ੍ਰੈਲ ਤੱਕ ਮੀਂਹ ਪੈਣ ਦੀ ਸੰਭਾਵਨਾ ਬਣੀ ਰਹੇਗੀ। ਇਸ ਤੋਂ ਇਲਾਵਾ ਅਗਲੇ ਚਾਰ ਦਿਨਾਂ ਵਿਚ ਦਿਨ ਦਾ ਤਾਪਮਾਨ ਹੌਲੀ-ਹੌਲੀ 3 ਤੋਂ 4 ਡਿਗਰੀ ਵਧਣ ਵਾਲਾ ਹੈ। ਇਸ ਨਾਲ ਗਰਮੀ ਵੀ ਥੋੜ੍ਹੀ ਵਧ ਸਕਦੀ ਹੈ ਪਰ ਮੀਂਹ ਕਾਰਨ ਠੰਡਕ ਵੀ ਮਿਲੇਗੀ।

## ਐਚ.ਐੱਸ. ਫੂਲਕਾ ਭਾਜਪਾ 'ਚ ਸ਼ਾਮਲ ਦਿੱਲੀ ਵਿਖੇ ਫੜਿਆ ਪਾਰਟੀ ਦਾ ਪੱਲਾ



ਪੰਜਾਬੀ ਰਾਜਨੀਤੀ ਵਿਚ ਇੱਕ ਵੱਡਾ ਰਾਜਨੀਤਕ ਉਲਟਫੇਰ ਵਾਪਰਿਆ ਹੈ। 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਲਈ ਲੰਬੀ ਕਾਨੂੰਨੀ ਲੜਾਈ ਲੜਨ ਵਾਲੇ ਸੀਨੀਅਰ ਵਕੀਲ ਅਤੇ ਆਮ ਆਦਮੀ ਪਾਰਟੀ (ਆਪ) ਦੇ ਸਾਬਕਾ ਆਗੂ ਐਚ.ਐੱਸ. ਫੂਲਕਾ ਨੇ ਅੱਜ ਦਿੱਲੀ ਵਿਖੇ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਪੱਲਾ ਫੜ ਲਿਆ ਹੈ। ਇਸ ਮੌਕੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਤਰੁਣ ਚੁੱਘ, ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਅਤੇ ਹੋਰ ਸੀਨੀਅਰ ਆਗੂਆਂ ਨੇ ਫੂਲਕਾ ਦਾ ਭਾਜਪਾ ਵਿਚ ਭਰਪੂਰ ਸਵਾਗਤ ਕੀਤਾ। ਉਨ੍ਹਾਂ ਨੂੰ ਪਾਰਟੀ ਦਾ ਪਟਕਾ ਪਹਿਨਾਇਆ ਗਿਆ। ਇਸ ਨਾਲ ਫੂਲਕਾ ਲਗਭਗ ਸੱਤ ਸਾਲਾਂ ਬਾਅਦ ਫਿਰ ਤੋਂ ਸਰਗਰਮ ਰਾਜਨੀਤੀ ਵਿਚ ਵਾਪਸ ਆ ਗਏ ਹਨ।

ਫੂਲਕਾ ਨੇ ਭਾਜਪਾ ਵਿਚ ਸ਼ਾਮਲ ਹੋਣ ਤੋਂ ਬਾਅਦ ਆਪਣੀ ਪੁਰਾਣੀ ਪਾਰਟੀ ਆਮ ਆਦਮੀ ਪਾਰਟੀ ਉੱਤੇ ਤਿੱਖਾ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਆਪ ਦੇ ਦੰਦ ਦਿਖਾਉਣ ਦੇ ਹੋਰ ਅਤੇ ਖਾਣ ਦੇ ਹੋਰ ਹਨ। ਉਹ ਅੰਨਾ ਹਜ਼ਾਰੇ ਅੰਦੋਲਨ ਦੌਰਾਨ ਇਸ ਪਾਰਟੀ ਨਾਲ ਜੁੜੇ ਸਨ ਪਰ ਪਾਰਟੀ ਦੀਆਂ ਗਤੀਵਿਧੀਆਂ ਨੂੰ ਦੇਖਦਿਆਂ ਉਨ੍ਹਾਂ ਨੇ ਆਪਣਾ ਰਾਹ ਵੱਖ ਕਰ ਲਿਆ ਸੀ। ਫੂਲਕਾ ਨੇ ਕਿਹਾ ਕਿ ਪੰਜਾਬ ਵਿਚ ਅਮਨ ਤੇ ਕਾਨੂੰਨ ਦੀ ਸਥਿਤੀ ਲਗਾਤਾਰ ਵਿਗੜ ਰਹੀ ਹੈ। ਨਸ਼ਿਆਂ ਦਾ ਖਾਤਮਾ ਨਹੀਂ ਹੋ ਰਿਹਾ, ਕਿਸਾਨਾਂ ਦੀਆਂ ਮੁਸ਼ਕਲਾਂ ਹੱਲ ਨਹੀਂ ਹੋ ਰਹੀਆਂ ਅਤੇ ਹੋਰ ਬਹੁਤ ਸਾਰੇ ਮਸਲੇ ਲਟਕੇ ਹੋਏ ਹਨ। ਉਨ੍ਹਾਂ ਦਾ ਆਖਣਾ ਸੀ ਕਿ ਪੰਜਾਬ ਵਿਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਲੋਕ ਹਿੱਤ ਵਿਚ ਵੱਡੇ ਫੈਸਲੇ ਲਏ ਜਾਣਗੇ ਅਤੇ ਰਾਜ ਦੀ ਤਰੱਕੀ ਲਈ ਠੋਸ ਕਦਮ ਚੁੱਕੇ ਜਾਣਗੇ।

ਫੂਲਕਾ ਇੱਕ ਮਸ਼ਹੂਰ ਵਕੀਲ ਹਨ ਜਿਨ੍ਹਾਂ ਨੇ 1984 ਦੇ ਦੰਗਿਆਂ ਦੇ ਸ਼ਿਕਾਰ ਲੋਕਾਂ ਲਈ ਲੰਮੀ ਅਤੇ ਔਖੀ ਲੜਾਈ ਲੜੀ ਹੈ। ਉਨ੍ਹਾਂ ਨੇ ਸੁਪਰੀਮ ਕੋਰਟ ਅਤੇ ਦਿੱਲੀ ਹਾਈਕੋਰਟ ਵਿਚ ਇਸ ਮਾਮਲੇ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਸ ਤੋਂ ਇਲਾਵਾ ਉਹ ਪੰਜਾਬ ਵਿਧਾਨ ਸਭਾ ਵਿਚ ਵੀ ਵਿਰੋਧੀ ਧਿਰ ਦੇ ਨੇਤਾ ਵਜੋਂ ਚੁਣੇ ਗਏ ਸਨ ਪਰ ਬਾਅਦ ਵਿਚ ਉਨ੍ਹਾਂ ਨੇ ਆਪਣਾ ਅਹੁਦਾ ਛੱਡ ਦਿੱਤਾ ਸੀ। ਉਨ੍ਹਾਂ ਨੇ ਦਾਖਾ ਹਲਕੇ ਤੋਂ ਵਿਧਾਇਕ ਵਜੋਂ ਵੀ ਸੇਵਾ ਕੀਤੀ ਸੀ। ਇਸ ਤੋਂ ਪਹਿਲਾਂ ਉਹ ਆਪ ਪਾਰਟੀ ਛੱਡ ਚੁੱਕੇ ਸਨ ਅਤੇ ਰਾਜਨੀਤੀ ਤੋਂ ਕੁਝ ਸਮੇਂ ਲਈ ਦੂਰ ਰਹੇ ਸਨ। ਹੁਣ ਭਾਜਪਾ ਵਿਚ ਉਨ੍ਹਾਂ ਦੀ ਐਂਟਰੀ ਨੂੰ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇੱਕ ਵੱਡਾ ਵਿਕਾਸ ਮੰਨਿਆ ਜਾ ਰਿਹਾ ਹੈ। ਇਸ ਨਾਲ ਭਾਜਪਾ ਪੰਜਾਬ ਵਿਚ ਆਪਣੀ ਪਕੜ ਮਜ਼ਬੂਤ ਕਰਨ ਅਤੇ ਸਿੱਖ ਭਾਈਚਾਰੇ ਵਿਚ ਆਪਣੀ ਰਾਜਨੀਤਕ ਪਹੁੰਚ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ।

**Cee7 News** ਇਹ ਬਿਆਨ ਫੂਲਕਾ ਵੱਲੋਂ ਭਾਰਤੀ ਜਨਤਾ ਪਾਰਟੀ (ਬੀਜੇਪੀ) ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਆਇਆ ਹੈ

# ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਆਪ ਨੇ ਫੂਲਕਾ ਨੂੰ ਵੱਡਾ ਮਾਣ ਦਿੱਤਾ ਸੀ ਪਰ ਉਨ੍ਹਾਂ ਨੇ ਲੋਕਾਂ ਦਾ ਵਿਸ਼ਵਾਸ ਤੋੜ ਦਿੱਤਾ।

ਖ਼ਬਰ ਅਨੁਸਾਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਐੱਮ ਐੱਸ ਫੂਲਕਾ ਨੂੰ ਲੋਕਾਂ ਦਾ ਭਰੋਸਾ ਤੋੜਨ ਵਾਲਾ ਵਿਅਕਤੀ ਦੱਸਿਆ ਹੈ। ਇਹ ਬਿਆਨ ਫੂਲਕਾ ਵੱਲੋਂ ਭਾਰਤੀ ਜਨਤਾ ਪਾਰਟੀ (ਬੀਜੇਪੀ) ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਆਇਆ ਹੈ। ਫੂਲਕਾ ਬੁੱਧਵਾਰ ਨੂੰ ਦਿੱਲੀ ਵਿੱਚ ਰਸਮੀ ਤੌਰ ਤੇ ਬੀਜੇਪੀ ਵਿੱਚ ਸ਼ਾਮਲ ਹੋਣ ਜਾ ਰਹੇ ਹਨ। ਇਸ ਮੌਕੇ ਬੀਜੇਪੀ ਦੇ ਸੀਨੀਅਰ ਲੀਡਰ ਸੁਨੀਲ ਜਾਖੜ ਅਤੇ ਅਸ਼ਵਨੀ ਸ਼ਰਮਾ ਵੀ ਹਾਜ਼ਰ ਰਹਿਣਗੇ।

ਫੂਲਕਾ ਇੱਕ ਸੀਨੀਅਰ ਵਕੀਲ ਹਨ ਅਤੇ ੧੯੮੪ ਦੇ ਦਿਲ੍ਹੀ ਵਿਰੋਧੀ ਸਿੱਖ ਦੰਗਿਆਂ ਦੇ ਪੀੜਤਾਂ ਲਈ ਲੰਬੇ ਸਮੇਂ ਤੋਂ ਕਾਨੂੰਨੀ ਲੜਾਈ ਲੜ ਰਹੇ ਹਨ। ਉਨ੍ਹਾਂ ਨੇ ਆਮ ਆਦਮੀ ਪਾਰਟੀ (ਆਪ) ਵਿੱਚ ਸ਼ਾਮਲ ਹੋ ਕੇ ੨੦੧੭ ਵਿੱਚ ਦਾਖਾ ਤੋਂ ਵਿਧਾਇਕ ਵਜੋਂ ਚੋਣ ਜਿੱਤੀ ਸੀ ਅਤੇ ਵਿਰੋਧੀ ਧਿਰ ਦਾ ਨੇਤਾ ਵੀ ਬਣਾਇਆ ਗਿਆ ਸੀ। ਪਰ ਬਾਅਦ ਵਿੱਚ ਉਨ੍ਹਾਂ ਨੇ ਇਸ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਅਤੇ ੨੦੧੯ ਵਿੱਚ ਆਪ ਤੋਂ ਵੀ ਅਸਤੀਫਾ ਦੇ ਕੇ ੧੯੮੪ ਦੇ ਮਾਮਲਿਆਂ ਤੇ ਧਿਆਨ ਕੇਂਦਰਿਤ ਕੀਤਾ। ਹੁਣ ਕਈ ਸਾਲਾਂ ਬਾਅਦ ਉਹ ਫਿਰ ਤੋਂ ਸਰਗਰਮ ਰਾਜਨੀਤੀ ਵਿੱਚ ਵਾਪਸ ਆ ਰਹੇ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਤਬਦੀਲੀ ਤੇ ਤਿੱਖੀ ਟਿੱਪਣੀ ਕੀਤੀ। ਉਨ੍ਹਾਂ ਕਿਹਾ ਕਿ ਆਪ ਨੇ ਫੂਲਕਾ ਨੂੰ ਵੱਡਾ ਮਾਣ ਦਿੱਤਾ ਸੀ ਪਰ ਉਨ੍ਹਾਂ ਨੇ ਲੋਕਾਂ ਦਾ ਵਿਸ਼ਵਾਸ ਤੋੜ ਦਿੱਤਾ। ਮਾਨ ਨੇ ਆਖਿਆ, "ਮੈਂ ਕਦੇ ਵੀ ਅਜਿਹਾ ਵਿਅਕਤੀ ਨਹੀਂ ਦੇਖਿਆ ਜੋ ਉਨ੍ਹਾਂ ਲੋਕਾਂ ਦੇ ਭਰੋਸੇ ਨੂੰ ਤੋੜਦਾ ਹੋਵੇ ਜਿਨ੍ਹਾਂ ਨੇ ਉਸ ਨੂੰ ਚੁਣਿਆ ਹੋਵੇ। ਫਿਰ ਵੀ ਉਸ ਲਈ ਮੇਰੀਆਂ ਸ਼ੁਭਕਾਮਨਾਵਾਂ ਹਨ।" ਇਸ ਬਿਆਨ ਵਿੱਚ ਮਾਨ ਨੇ ਫੂਲਕਾ ਵੱਲੋਂ ਵਿਧਾਇਕ ਵਜੋਂ ਚੁਣੇ ਜਾਣ ਤੋਂ ਬਾਅਦ ਅਸਤੀਫਾ ਦੇਣ ਨੂੰ ਲੋਕਾਂ ਨਾਲ ਧੋਖਾ ਦੱਸਿਆ।

ਇਸ ਘਟਨਾ ਨਾਲ ਪੰਜਾਬੀ ਰਾਜਨੀਤੀ ਵਿੱਚ ਇੱਕ ਨਵੀਂ ਚਰਚਾ ਛਿੜ ਗਈ ਹੈ। ਫੂਲਕਾ ਆਪਣੀਆਂ ਮਨੁੱਖੀ ਅਧਿਕਾਰਾਂ ਨਾਲ ਜੁੜੀਆਂ ਗਤੀਵਿਧੀਆਂ ਲਈ ਜਾਣੇ ਜਾਂਦੇ ਹਨ। ਉਨ੍ਹਾਂ ਦਾ ਬੀਜੇਪੀ ਵਿੱਚ ਸ਼ਾਮਲ ਹੋਣਾ ਕਈਆਂ ਲਈ ਅਚਾਨਕ ਹੈ। ਖ਼ਬਰਾਂ ਅਨੁਸਾਰ ਇਸ ਸਮਾਗਮ ਵਿੱਚ ਮਨੁੱਖੀ ਅਧਿਕਾਰਾਂ ਨਾਲ ਜੁੜੇ ਕੁਝ ਲੋਕ ਵੀ ਬੀਜੇਪੀ ਵਿੱਚ ਆ ਸਕਦੇ ਹਨ। ਇਹ ਤਬਦੀਲੀ ਪੰਜਾਬ ਵਿੱਚ ਰਾਜਨੀਤਿਕ ਗਠਜੋੜ ਅਤੇ ਵਿਅਕਤੀਗਤ ਫੈਸਲਿਆਂ ਨੂੰ ਦਰਸਾਉਂਦੀ ਹੈ।

ਫੂਲਕਾ ਦੀ ਰਾਜਨੀਤਿਕ ਯਾਤਰਾ ਬਹੁਤ ਰਸਦਾਇਕ ਰਹੀ ਹੈ। ਉਹ ਲੰਮੇ ਸਮੇਂ ਤੋਂ ੧੯੮੪ ਦੇ ਦੰਗਿਆਂ ਵਿੱਚ ਮਾਰੇ ਗਏ ਨਿਹੰਗ ਸਿੰਘਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਨਿਆਂ ਲਈ ਲੜ ਰਹੇ ਹਨ। ਉਨ੍ਹਾਂ ਨੇ ਇਸ ਮਾਮਲੇ ਵਿੱਚ ਕਈ ਰਿਪੋਰਟਾਂ ਅਤੇ ਕਿਤਾਬਾਂ ਵੀ ਲਿਖੀਆਂ ਹਨ। ਆਪ ਵਿੱਚ ਆਉਣ ਤੋਂ ਪਹਿਲਾਂ ਉਹ ਇੱਕ ਸਫਲ ਵਕੀਲ ਵਜੋਂ ਮਸ਼ਹੂਰ ਸਨ। ਪਰ ਰਾਜਨੀਤੀ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਦਾ ਅਸਤੀਫਾ ਬਹੁਤ ਚਰਚਾ ਵਿੱਚ ਰਿਹਾ।



ਮੁੱਖ ਮੰਤਰੀ ਮਾਨ ਦਾ ਇਹ ਬਿਆਨ ਆਪ ਪਾਰਟੀ ਦੀ ਲੀਡਰਸ਼ਿਪ ਵੱਲੋਂ ਫੂਲਕਾ ਨੂੰ ਦਿੱਤੀ ਗਈ ਪ੍ਰਾਥਮਿਕਤਾ ਅਤੇ ਉਸ ਤੋਂ ਬਾਅਦ ਵਾਪਰੀਆਂ ਘਟਨਾਵਾਂ ਨੂੰ ਉਜਾਗਰ ਕਰਦਾ ਹੈ। ਮਾਨ ਨੇ ਇਸ ਨੂੰ ਲੋਕਾਂ ਨਾਲ ਵਿਸ਼ਵਾਸਘਾਤ ਵਜੋਂ ਪੇਸ਼ ਕੀਤਾ ਹੈ। ਇਸ ਤਰ੍ਹਾਂ ਦੀਆਂ ਟਿੱਪਣੀਆਂ ਰਾਜਨੀਤੀ ਵਿੱਚ ਅਕਸਰ ਵਰਤੀਆਂ ਜਾਂਦੀਆਂ ਹਨ ਤਾਂ ਜੋ ਵਿਰੋਧੀ ਧਿਰ ਨੂੰ ਘੇਰਿਆ ਜਾ ਸਕੇ। ਫਿਰ ਵੀ ਫੂਲਕਾ ਵੱਲੋਂ ਬੀਜੇਪੀ ਵਿੱਚ ਸ਼ਾਮਲ ਹੋਣਾ ਉਨ੍ਹਾਂ ਦੀ ਨਿੱਜੀ ਪਸੰਦ ਅਤੇ ਰਾਜਨੀਤਿਕ ਰਣਨੀਤੀ ਹੋ ਸਕਦੀ ਹੈ।ਪੰਜਾਬ ਵਿੱਚ ਰਾਜਨੀਤੀ ਹਮੇਸ਼ਾ ਤੋਂ ਹੀ ਗਤੀਸ਼ੀਲ ਰਹੀ ਹੈ। ਆਪ, ਕਾਂਗਰਸ, ਅਕਾਲੀ ਦਲ ਅਤੇ ਬੀਜੇਪੀ ਵਿਚਾਲੇ ਲਗਾਤਾਰ ਤਬਦੀਲੀਆਂ ਹੁੰਦੀਆਂ ਰਹਿੰਦੀਆਂ ਹਨ। ਫੂਲਕਾ ਵਰਗੇ ਲੀਡਰਾਂ ਦਾ ਇੱਕ ਪਾਰਟੀ ਤੋਂ ਦੂਜੀ ਪਾਰਟੀ ਵਿੱਚ ਜਾਣਾ ਇਸ ਗੱਲ ਨੂੰ ਉਜਾਗਰ ਕਰਦਾ ਹੈ ਕਿ ਰਾਜਨੀਤੀ ਵਿੱਚ ਵਿਅਕਤੀਗਤ ਫੈਸਲੇ ਅਤੇ ਵੱਡੇ ਮੁੱਦੇ ਦੋਵੇਂ ਮਹੱਤਵਪੂਰਨ ਹਨ। ੧੯੮੪ ਦੇ ਮਾਮਲੇ ਅਜੇ ਵੀ ਪੰਜਾਬ ਅਤੇ ਸਿੱਖ ਭਾਈਚਾਰੇ ਲਈ ਸੰਵੇਦਨਸ਼ੀਲ ਹਨ ਅਤੇ ਫੂਲਕਾ ਇਸ ਲੜਾਈ ਲਈ ਜਾਣੇ ਜਾਂਦੇ ਹਨ।ਇਸ ਖ਼ਬਰ ਤੋਂ ਇੱਕ ਗੱਲ ਸਾਫ਼ ਹੈ ਕਿ ਰਾਜਨੀਤੀ ਵਿੱਚ ਭਰੋਸਾ ਬਣਾਉਣਾ ਅਤੇ ਉਸ ਨੂੰ ਬਰਕਰਾਰ ਰੱਖਣਾ ਬਹੁਤ ਜ਼ਰੂਰੀ ਹੈ। ਲੋਕ ਆਪਣੇ ਆਗੂਆਂ ਤੋਂ ਇਮਾਨਦਾਰੀ ਅਤੇ ਵਫ਼ਾਦਾਰੀ ਦੀ ਉਮੀਦ ਰੱਖਦੇ ਹਨ। ਜੇਕਰ ਕੋਈ ਆਗੂ ਚੁਣੇ ਜਾਣ ਤੋਂ ਬਾਅਦ ਅਸਤੀਫਾ ਦੇ ਦਿੰਦਾ ਹੈ ਤਾਂ ਇਸ ਨੂੰ ਲੋਕ ਆਪਣੇ ਨਾਲ ਧੋਖਾ ਸਮਝਦੇ ਹਨ। ਮਾਨ ਦਾ ਬਿਆਨ ਇਸੇ ਮੁੱਦੇ ਤੇ ਆਧਾਰਿਤ ਹੈ।ਫੂਲਕਾ ਦੇ ਬੀਜੇਪੀ ਵਿੱਚ ਸ਼ਾਮਲ ਹੋਣ ਨਾਲ ਪੰਜਾਬੀ ਰਾਜਨੀਤੀ ਵਿੱਚ ਨਵੀਆਂ ਰਣਨੀਤੀਆਂ ਉਭਰ ਸਕਦੀਆਂ ਹਨ। ਬੀਜੇਪੀ ਪੰਜਾਬ ਵਿੱਚ ਆਪਣੀ ਹਾਜ਼ਰੀ ਵਧਾਉਣ ਲਈ ਇਸ ਤਰ੍ਹਾਂ ਦੇ ਲੀਡਰਾਂ ਨੂੰ ਆਕਰਸ਼ਿਤ ਕਰ ਰਹੀ ਹੈ।



# ਚੰਡੀਗੜ੍ਹ ਭਾਜਪਾ ਦਫ਼ਤਰ ਤੋਂ ਬਾਹਰ ਧਮਾਕਾ, ਖੌਫ ਦਾ ਮਾਹੌਲ

ਬੁੱਧਵਾਰ ਸ਼ਾਮ ਨੂੰ ਲਗਭਗ 5:30 ਵਜੇ ਚੰਡੀਗੜ੍ਹ ਦੇ ਸੈਕਟਰ 37 ਵਿਚਲੇ ਪੰਜਾਬ ਭਾਜਪਾ ਦਫ਼ਤਰ ਤੋਂ ਬਾਹਰ ਇੱਕ ਉੱਚੀ ਆਵਾਜ਼ ਵਾਲਾ ਧਮਾਕਾ ਹੋਇਆ। ਇਸ ਧਮਾਕੇ ਨਾਲ ਇਲਾਕੇ ਵਿਚ ਖੌਫ ਦਾ ਮਾਹੌਲ ਫੈਲ ਗਿਆ ਅਤੇ ਲੋਕ ਡਰ ਗਏ। ਖੁਸ਼ਕਿਸਮਤੀ ਨਾਲ ਇਸ ਘਟਨਾ ਵਿਚ ਕਿਸੇ ਵੀ ਵਿਅਕਤੀ ਦੀ ਮੌਤ ਜਾਂ ਚੋਟ ਨਹੀਂ ਆਈ। ਪਰ ਦਫ਼ਤਰ ਤੋਂ ਬਾਹਰ ਖੜ੍ਹੀਆਂ ਕਈ ਗੱਡੀਆਂ ਨੂੰ ਛੋਟੀ-ਮੋਟੀ ਖਰਾਸ਼ਾਂ ਲੱਗੀਆਂ ਹਨ।ਪੰਜਾਬ ਭਾਜਪਾ ਦਫ਼ਤਰ ਸੈਕਟਰ 37 ਵਿਚ ਸਥਿਤ ਹੈ, ਜੋ ਪੰਜਾਬ ਅਤੇ ਹਰਿਆਣਾ ਬਾਰ ਕਾਉਂਸਲ, ਇੱਕ ਪੈਟਰੋਲ ਪੰਪ ਅਤੇ ਹੋਰ ਵੱਡੀਆਂ ਇਮਾਰਤਾਂ ਦੇ ਨੇੜੇ ਹੈ। ਧਮਾਕੇ ਦੀ ਆਵਾਜ਼ ਆਸ-ਪਾਸ ਦੇ ਇਲਾਕੇ ਵਿਚ ਬਹੁਤ ਦੂਰ ਤੱਕ ਸੁਣਾਈ ਦਿੱਤੀ। ਭਾਜਪਾ ਆਗੂ ਵਿਨੀਤ ਜੋਸ਼ੀ ਨੇ ਦੱਸਿਆ ਕਿ ਉਨ੍ਹਾਂ ਨੂੰ ਲਗਭਗ 5 ਵਜੇ ਦੇ ਕਰੀਬ ਇਹ ਆਵਾਜ਼ ਸੁਣਾਈ ਦਿੱਤੀ। ਉਨ੍ਹਾਂ ਕਿਹਾ ਕਿ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਹੋਰ ਵੇਰਵੇ ਆਉਣ ਵਾਲੇ ਹਨ।

ਘਟਨਾ ਦੀ ਖ਼ਬਰ ਮਿਲਦਿਆਂ ਹੀ ਚੰਡੀਗੜ੍ਹ ਪੁਲਿਸ ਤੁਰੰਤ ਮੌਕੇ ਤੇ ਪਹੁੰਚ ਗਈ। ਸੀਨੀਅਰ ਪੁਲਿਸ ਅਧਿਕਾਰੀਆਂ ਵਿਚ ਸੀਨੀਅਰ ਪੁਲਿਸ ਕਪਤਾਨ ਕਨਵਰਦੀਪ ਕੌਰ ਵੀ ਮੌਕੇ ਤੇ ਪਹੁੰਚੀ ਅਤੇ ਸਥਿਤੀ ਦਾ ਜਾਇਜ਼ਾ ਲਿਆ। ਪੁਲਿਸ ਨੇ ਇਲਾਕੇ ਨੂੰ ਘੇਰ ਲਿਆ ਅਤੇ ਆਵਾਜਾਈ ਰੋਕ ਦਿੱਤੀ। ਫਾਇਰ ਬ੍ਰਿਗੇਡ ਅਤੇ ਐਂਬੂਲੈਂਸ ਵੀ ਮੌਕੇ ਤੇ ਤਾਇਨਾਤ ਕੀਤੀਆਂ ਗਈਆਂ। ਪੁਲਿਸ ਅਧਿਕਾਰੀਆਂ ਨੇ ਆਸ-ਪਾਸ ਲੱਗੀਆਂ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲਣੀ ਸ਼ੁਰੂ ਕਰ ਦਿੱਤੀ ਹੈ ਤਾਂ ਜੋ ਧਮਾਕੇ ਦਾ ਅਸਲ ਕਾਰਨ ਪਤਾ ਲੱਗ ਸਕੇ।

ਇਸ ਵੇਲੇ ਤੱਕ ਧਮਾਕੇ ਦਾ ਸਹੀ ਕਾਰਨ ਨਹੀਂ ਦੱਸਿਆ ਗਿਆ। ਕੀ ਇਹ ਬੰਬ ਧਮਾਕਾ ਸੀ ਜਾਂ ਕੋਈ ਹੋਰ ਤਕਨੀਕੀ ਖ਼ਰਾਬੀ, ਇਸ ਬਾਰੇ ਜਾਂਚ ਚੱਲ ਰਹੀ ਹੈ। ਪੁਲਿਸ ਵੱਲੋਂ ਕਿਹਾ ਗਿਆ ਹੈ ਕਿ ਹਾਲੇ ਤੱਕ ਕੋਈ ਸ਼ੱਕੀ ਵਿਅਕਤੀ ਜਾਂ ਗਰੋਹ ਦਾ ਪਤਾ ਨਹੀਂ ਲੱਗਾ। ਫਾਰੈਂਸਿਕ ਟੀਮ ਵੀ ਮੌਕੇ ਤੇ ਪਹੁੰਚ ਕੇ ਸਬੂਤ ਇਕੱਠੇ ਕਰ ਰਹੀ ਹੈ। ਲੋਕਾਂ ਵਿਚ ਚਰਚਾ ਹੈ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਰਾਜਨੀਤਿਕ ਤਣਾਅ ਵਧਾ ਸਕਦੀਆਂ ਹਨ, ਖਾਸ ਕਰਕੇ ਜਦੋਂ ਭਾਜਪਾ ਦਫ਼ਤਰ ਤੋਂ ਬਾਹਰ ਇਹ ਵਾਪਰਿਆ ਹੈ।

ਪੰਜਾਬ ਭਾਜਪਾ ਵੱਲੋਂ ਇਸ ਘਟਨਾ ਤੋਂ ਬਾਅਦ ਸੁਰੱਖਿਆ ਵਧਾਉਣ ਦੀ ਮੰਗ ਕੀਤੀ ਜਾ ਰਹੀ ਹੈ। ਭਾਜਪਾ ਆਗੂਆਂ ਨੇ ਕਿਹਾ ਕਿ ਪਾਰਟੀ ਦਫ਼ਤਰਾਂ ਅਤੇ ਆਗੂਆਂ ਦੀ ਸੁਰੱਖਿਆ ਲਈ ਸਖ਼ਤ ਉਪਾਅ ਲਏ ਜਾਣ ਚਾਹੀਦੇ ਹਨ। ਇਸ ਘਟਨਾ ਨੇ ਇੱਕ ਵਾਰ ਫਿਰ ਚੰਡੀਗੜ੍ਹ ਵਰਗੇ ਸੁਰੱਖਿਅਤ ਇਲਾਕੇ ਵਿਚ ਵੀ ਖ਼ਤਰੇ ਦੀ ਘੰਟੀ ਵਜਾ ਦਿੱਤੀ ਹੈ। ਲੋਕ ਇਸ ਘਟਨਾ ਤੋਂ ਚਿੰਤਤ ਹਨ ਅਤੇ ਚਾਹੁੰਦੇ ਹਨ ਕਿ ਪੁਲਿਸ ਜਲਦੀ ਤੋਂ ਜਲਦੀ ਅਸਲੀਅਤ ਸਾਹਮਣੇ ਲਿਆਵੇ।

ਚੰਡੀਗੜ੍ਹ ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਸੁਰੱਖਿਆ ਖੁਦ ਵੀ ਧਿਆਨ ਰੱਖਣ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਬਾਰੇ ਤੁਰੰਤ ਸੂਚਿਤ ਕਰਨ। ਇਸ ਘਟਨਾ ਤੋਂ ਬਾਅਦ ਇਲਾਕੇ ਵਿਚ ਪੁਲਿਸ ਗਸ਼ਤ ਵਧਾ ਦਿੱਤੀ ਗਈ ਹੈ। ਭਾਜਪਾ ਵਰਕਰਾਂ ਵਿਚ ਵੀ ਚਰਚਾ ਚੱਲ ਰਹੀ ਹੈ ਅਤੇ ਉਨ੍ਹਾਂ ਨੇ ਪਾਰਟੀ ਲੀਡਰਸ਼ਿਪ ਤੋਂ ਮਾਰਗਦਰਸ਼ਨ ਮੰਗਿਆ ਹੈ।

# ਸੁੱਖਣਾ (ਕਹਾਣੀ) ਸੁਖਵਿੰਦਰ ਸਿੰਘ ਖਾਰੇ ਵਾਲੇ ਦੀ ਕਲਮ ਤੋਂ।



ਰੇਸ਼ਮ ਸਿੰਘ ਤੇ ਗੁਰਜੀਤ ਸਿੰਘ ਇਕੱਠੇ ਪੜ੍ਹਦੇ ਸਨ। ਵੱਖ ਵੱਖ ਵਿਚਾਰਾਂ ਦੇ ਹੋਣ ਦੇ ਬਾਵਜੂਦ ਵੀ ਉਹ ਪੱਕੇ ਯਾਰ ਸਨ। ਕਿਉਂਕਿ ਰੇਸਮ ਸਿੰਘ ਕਟੜ ਧਾਰਮਿਕ ਵਿਚਾਰਾਂ ਦਾਂ ਸੀ,ਕਿਉਂਕਿ ਉਸ ਦਾ ਸਾਰਾ ਪਰਿਵਾਰ ਧਾਰਮਿਕ ਸੀ।

ਪਰੰਤੂ ਗੁਰਜੀਤ ਸਿੰਘ ਵਿਗਿਆਨਕ ਸੋਚ ਤੇ ਤਰਕਵਾਦੀ ਵਿਚਾਰਾਂ ਦਾ ਸੀ। ਕਿਉਂਕਿ ਉਸ ਦਾ ਬਾਬਾ ਤੇ ਬਾਪ ਕਾਮਰੇਡ ਸਨ। ਉਸ ਦੇ ਬਾਬੇ ਗਦਰ ਲਹਿਰ ਵਿੱਚ ਆਪਣਾ ਢੁਕਵਾਂ ਯੋਗਦਾਨ ਪਾਇਆ ਸੀ। ਉਸ ਦਾ ਬਾਪ ਸੱਜਣ ਸਿੰਘ ਸੀ ,ਪੀ,ਆਈ ਦਾ ਮੈਂਬਰ ਤੇ ਤਰਕਸ਼ੀਲ ਆਗੂ ਸੀ। ਇਸ ਤੇ ਇਲਾਵਾ ਇਹ ਬਾਬੇ ਨਾਨਕ ਦੀ ਤਰਕਵਾਦੀ ਸੋਚ ਤੋਂ ਪ੍ਰਭਾਵਿਤ ਸਨ। ਇਸ ਕਰਕੇ ਗੁਰਜੀਤ ਦੀ ਸੁਰੂ ਤੋ ਤਰਕਵਾਦੀ ਸੋਚ ਬਣ ਗਈ ਸੀ ।

ਦਸਵੀਂ ਦੇ ਪੇਪਰ ਸਿਰ ਤੇ ਆ ਗਏ ਸਨ,ਅਥਵਾ ਇਕ ਮਹੀਨਾ ਪੇਪਰਾਂ ਵਿੱਚ ਰਹਿ ਗਿਆ ਸੀ। ਗੁਰਜੀਤ ਨੇ ਪੇਪਰਾਂ ਦੀ ਤਿਆਰੀ ਲਈ ਰਾਤ ਦਿਨ ਇਕ ਕਰ ਦਿੱਤਾ ਸੀ। ਪਰੰਤੂ ਰੇਸ਼ਮ ਸਿੰਘ ਸੁਰੂ ਤੋ ਹੀ ਕਾਰ ਸੇਵਾ ਵਾਲੇ ਬਾਬਿਆਂ ਦੇ ਡੇਰੇ ਸੇਵਾ ਕਰਨ ਦਾ ਆਦੀ ਅਤੇ ਸ਼ੌਕੀਨ ਸੀ।

ਮੈ ਇਸ ਵੀਰਵਾਰ ਪੁਰਾਣੇ ਪਿੰਡ ਰੋਡੇ ਸਾਹ ਪੀਰ ਦੀ ਸਮਾਧ ਤੇ ਸੁੱਖਣਾ ਸੁੱਖਣ ਜਾਣਾ ਹੈ। ਉਹ ਬਹੁਤ ਪੁੱਜੇ ਹੋਏ ਕਰਨੀ ਵਾਲੇ ਪੀਰ ਹਨ।ਉਸ ਦੇ ਦਰ ਤੇ ਮੂੰਹੋਂ ਮੰਗੀਆਂ ਆਸਾਂ ਮੁਰਾਦਾਂ ਪੂਰੀਆਂ ਹੋ ਜਾਦੀਆਂ ਹਨ। ਦਸਵੀਂ ਵਿੱਚੋਂ ਫਸਟ ਡਵੀਜਨ ਮਾਰ ਕੇ ਪਾਸ ਹੋਣ ਲਈ, ਮੈ ਪੰਜ ਕਿਲੋ ਲੱਡੂ ਤੇ ਪੰਜ ਕਿਲੋ ਮਿਸ਼ਰੀ ਸੁੱਖਣਾ ਸੁੱਖ ਕੇ ਆਉਣੀ ਹੈ,"ਆਪਣੇ ਦਿੱਲ ਦੀ ਗੱਲ ਰੇਸ਼ਮ ਨੇ ਅੱਧੀ ਛੁੱਟੀ ਵੇਲੇ ਰੋਟੀ ਖਾਦਿਆ ਗੁਰਜੀਤ ਨੂੰ ਕਹਿ ਦਿੱਤੀ।

ਯਾਰ ਮੈਨੂੰ ਵੀ ਨਾਲ ਲੈ ਜਾਵੀਂ ਮੈ ਵੀ ਸੁਖਣਾ ਸੁੱਖ ਆਵਾਂਗਾ,ਮੈ ਤੇ ਕਦੇ ਕਿਸੇ ਡੇਰੇ ਜਾ ਪੀਰ ਦੇ ਗਿਆ ਨਹੀਂ,ਪਰੰਤੂ ਸਾਰੇ ਟੀਚਰ ਆਖੀ ਜਾਂਦੇ ਇਸ ਵਾਰ ਨਕਲ ਨਹੀ ਵੱਜਣੀ,ਪੇਪਰਾਂ ਵਿੱਚ ਬਹੁਤ ਸਖਤਾਈ ਰਹਿਣੀ ਹੈ। ਇਸ ਕਰਕੇ ਬੋਰਡ ਦੇ ਇਮਤਿਹਾਨ ਤੋਂ ਡਰ ਲੱਗਦਾ ਹੈ ਕਿਤੇ ਫੇਲ ਨਾ ਹੋ ਜਾਈਏ,ਕੀ ਹਰਜ ਹੈ ਜਾਣ ਦਾ,ਇਹੋ ਜਿਹੇ ਪੁਜੇ ਹੋਏ ਪੀਰਾਂ ਦਾ ਆਸਰਾ ਲੈ ਲੈਣਾ ਚਾਹੀਦਾ ਹੈ,"ਗੁਰਜੀਤ ਨੇ ਵੀ ਨਾਲ ਜਾਣ ਦੀ ਹਾਮੀ ਭਰ ਦਿੱਤੀ।

ਮੰਮੀਏ,ਗੁਰਜੀਤ ਵੱਡਾ ਤਰਕਸ਼ੀਲ ਬਣਿਆਂ ਫਿਰਦਾ ਸੀ। ਉਸ ਦਾ ਬਾਪ ਸੱਜਣ ਸਿੰਘ ਹਮੇਸ਼ਾਂ ਕਹਿੰਦਾ ਰਹਿੰਦਾ ਸੀ,ਰੱਬ ਅਤੇ ਭੂਤਾਂ ਪ੍ਰੇਤਾਂ ਦੀ ਕੋਈ ਹੋਂਦ ਨਹੀਂ ਹੁੰਦੀ। ਬਾਬਿਆਂ ਅਤੇ ਪੀਰਾਂ ਵਿੱਚ ਕੋਈ ਸਕਤੀ ਨਹੀ ਹੁੰਦੀ। ਹੁਣ ਉਸ ਦੇ ਮੁੰਡੇ ਗੁਰਜੀਤ ਨੇ ਵੀ ਮੇਰੇ ਨਾਲ ਸੁੱਖਣਾ ਸੁਖਣ ਪੀਰ ਦੀ ਜਗ੍ਹਾ ਤੇ ਜਾਣਾ ਹੈ,"ਰੇਸ਼ਮ ਨੇ ਬਸਤਾ ਰੱਖਦਿਆਂ ਬੜੇ ਚਾਅ ਨਾਲ ਆਪਣੀ ਮਾਂ ਨੂੰ ਦੱਸਿਆ।

ਅਗਲੇ ਦਿਨ ਦੋਨੇ ਜਾਣੇ ਸਾਜਰੇ ਹੀ ਪੀਰ ਦੇ ਡੇਰੇ ਪਹੁੰਚ ਗਏ। ਦੋਨੇ ਕਿਲੋ ਕਿੱਲੋ ਲੱਡੂ ਬਿਆਨਾਂ ਦੇਣ ਦੇ ਤੌਰ ਤੇ ਨਾਲ ਲੈ ਗਏ।ਪੀਰ ਦੇ ਡੇਰੇ ਕਾਫੀ ਭੀੜ ਦੀ ਲੰਮੀ ਕਤਾਰ ਲੱਗੀ ਹੋਈ ਸੀ। ਅੱਧੇ ਘੰਟੇ ਬਾਅਦ ਰੇਸ਼ਮ ਦੀ ਵਾਰੀ ਆ ਗਈ। ਪੀਰ ਜੀ ਮੇਰੇ ਤੇ ਕਿਰਪਾ,ਦਇਆ ਕਰੋ ਮੇਰੀ ਦਸਵੀਂ ਵਿੱਚੋਂ ਫਸਟ ਡਵੀਜਨ ਆ ਜਾਵੇ।ਜੇਕਰ ਮੈ ਫਸਟ ਡਵੀਜਨ ਲੈ ਕੇ ਪਾਸ ਹੋ ਗਿਆ,ਫੇਰ ਮੈ ਉਸੇ ਵੇਲੇ ਨੰਗੇ ਪੈਰੀ ਆ ਕੇ ਪੰਜ ਕਿਲੋ ਲੱਡੂ ਝੜਾਵਾਗਾ। ਮੈਨੂੰ ਵਧੀਆ ਪੇਪਰ ਕਰਨ ਦੀ ਸਕਤੀ ਦਿਉ,"ਰੇਸ਼ਮ ਨੇ ਪੀਰ ਦੀ ਦਰਗਾਹ ਤੇ ਕਿੱਲੋ ਲੱਡੂ ਰੱਖ ਕੇ ਨੱਕ ਰਗੜਿਆ ਆਖਿਆ।

ਹੁਣ ਤਰਕਸ਼ੀਲ ਗੁਰਜੀਤ ਦੀ ਵਾਰੀ ਆ ਗਈ ਸੀ,ਉਸ ਨੇ ਪੀਰ ਦੀ ਦਰਗਾਹ ਤੇ ਕਿੱਲੋ ਲੱਡੂ ਰੱਖ ਕੇ ਆਖਿਆ,ਪੀਰ ਜੀ ਜੇਕਰ ਤੁਹਾਡੇ ਵਿੱਚ ਸ਼ਕਤੀ ਹੈ,ਤੁਸੀਂ ਮੈਨੂੰ ਸਾਰੇ ਪੇਪਰਾਂ ਵਿੱਚੋਂ ਫੇਲ ਕਰ ਦਿਉ। ਜੇਕਰ ਮੈ ਸਾਰੇ ਪੇਪਰਾਂ ਵਿੱਚੋਂ ਫੇਲ ਹੋ ਗਿਆ,ਫੇਰ ਮੈ ਦਸ ਕਿੱਲੋ ਲੱਡੂ ਹੋਰ ਝੜਾਵਾਗਾ,"ਗੁਰਜੀਤ ਨੇ ਕੋਲ ਬੈਠੇ ਪੁਜਾਰੀ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਆਖਿਆ।

ਕਾਕਾ ਤੇਰਾ ਦਿਮਾਗ਼ ਠੀਕ ਹੈ,ਲੋਕ ਇਹਥੇ ਆ ਕੇ ਪਾਸ ਹੋਣ ਲਈ ਅਰਦਾਸਾਂ ਤੇ ਅਰਜੋਈਆਂ ਕਰਦੇ ਹਨ। ਤੂੰ ਪੀਰ ਦੀ ਸਕਤੀ ਪਰਖਣ ਆਇਆ ਹੈ। ਇਹ ਪੁਜੇ ਹੋਏ ਪੀਰ ਅੱਖ ਦੇ ਝਮਕੇ ਵਿੱਚ ਸਾੜਸੱਤੀ ਲਿਆ ਦੇਣਗੇ। ਹਾਲੇ ਵੀ ਮੁਆਫ਼ੀ ਮੰਗ ਲਏ,"ਸੰਨ੍ਹੇ ਫੜੇ ਚੋਰ ਵਾਗ ਡਰੇ ਹੋਏ ਪੁਜਾਰੀ ਨੇ ਆਪਣੀ ਛਵੀ ਬਚਾਉਣ ਲਈ ਗੁਰਜੀਤ ਨੂੰ ਆਖਿਆ।

ਪੁਜਾਰੀ ਜੀ,ਅੰਦਰੋਂ ਟੁੱਟੇ ਹੋਏ ਕਮਜ਼ੋਰ ਤੇ ਅੰਧਵਿਸ਼ਵਾਸੀ ਲੋਕ ਬਾਹਰੋਂ ਅੰਗਮੀ ਸਕਤੀ ਤੇ ਆਸਰਾ ਭਾਲਦੇ ਰਹਿੰਦੇ ਹਨ। ਜਿਨਾਂ ਨੂੰ ਆਪਣੀ ਮਿਹਨਤ,ਆਤਮ ਵਿਸਵਾਸ਼ ਅਤੇ ਆਪਣੇ ਬਲਬੂਤੇ ਤੇ ਮਾਣ ਹੋਵੇ। ਉਹਨਾਂ ਨੂੰ ਬਾਹਰੋਂ ਕਿਸੇ ਪੀਰ ਦੀ ਸਕਤੀ ਦੀ ਲੋੜ ਨਹੀਂ ਪੈਂਦੀ,"ਗੁਰਜੀਤ ਨੇ ਤਰਕਵਾਦੀ ਪੈਂਤੜੇ ਤੇ ਮਾਣ ਕਰਦਿਆਂ ਪੁਜਾਰੀ ਨੂੰ ਆਖਿਆ।

ਗੁਰਜੀਤ ਨੇ ਪੇਪਰਾਂ ਦੀ ਤਿਆਰੀ ਨਿੱਠ ਕੇ ਕਰਨੀ ਸੁਰੂ ਕਰ ਦਿੱਤੀ ਸੀ। ਪਰੰਤੂ ਰੇਸ਼ਮ ਸਿੰਘ ਨੇ ਪੀਰ ਤੇ ਹੋਰ ਬਾਬਿਆਂ ਦੀ ਕਾਰ ਸੇਵਾ ਕਰਨੀ ਸੁਰੂ ਕਰ ਦਿੱਤੀ ਸੀ

ਮਹੀਨੇ ਬਾਅਦ ਪੇਪਰ ਆ ਗਏ ਸਨ। ਇਸ ਵਾਰ ਟੀਚਰਾਂ ਦੀ ਪਹਿਲਾਂ ਦਿੱਤੀ ਵਾਰਨਿੰਗ ਸੱਚ ਸਾਬਤ ਹੋ ਗਈ ਸੀ। ਬੋਰਡ ਦੇ ਸੁਪਰਡੈਂਟਾ ਵਲੋਂ ਨਕਲ ਮਾਰਨ ਤੇ ਬਹੁਤ ਸਖਤਾਈ ਕਰ ਦਿੱਤੀ ਗਈ, ਪਰਚੀਆਂ ਭੇਜਣ ਵਾਲਿਆਂ ਨੂੰ ਪੁਲੀਸ ਨੇ ਸੈਂਟਰ ਦੇ ਨੇੜੇ ਤੇੜੇ ਨਾ ਫਟਕਣ ਦਿੱਤਾ।

ਮਿਹਨਤਾ ਦੇ ਮੁੱਲ ਪੈਣ ਲੱਗੇ,ਗੁਰਜੀਤ ਨੂੰ ਪੇਪਰ ਆਉਂਦਾ ਹੋਣ ਕਰਕੇ ਫਟਾ ਫਟ ਲਿਖਣਾ ਸ਼ੁਰੂ ਕਰ ਦਿੰਦਾ,ਹਰੇਕ ਪੇਪਰ ਪੂਰਾ ਗੱਡ ਕੇ ਆਉਂਦਾ।

ਪਰੰਤੂ ਰੇਸ਼ਮ ਕਦੇ ਪਰਚੀਆਂ ਉਡੀਕਦਾ ਰਹਿੰਦਾ,ਕਦੇ ਆਪਣੇ ਬਾਬਿਆਂ ਅਤੇ ਪੀਰਾਂ ਨੂੰ ਸਹਾਇਤਾ ਕਰਨ ਲਈ ਲੇਲੜੀਆਂ ਕੱਢਦਾ ਰਹਿੰਦਾ। ਬਹੁਤੇ ਬੱਚੇ ਛੱਤ ਦੇ ਬਾਲੇ ਗਿਣਦੇ ਤੇ ਨਕਲ ਮਾਰਨ ਲਈ ਮਿਨਤਾ ਕਰਦੇ ਰਹਿੰਦੇ,ਮਾੜਾ ਮੋਟਾ ਪੇਪਰ ਕਰਕੇ ਆ ਜਾਦੇ।

ਰੇਸਮ ਨੇ ਹੋਰ ਤੜਕੇ ਪੀਰ ਦੀ ਦਰਗਾਹ ਤੇ ਅਰਜੋਈਆਂ,ਅਰਦਾਸਾਂ ਕਰਨੀਆਂ ਸੁਰੂ ਕਰ ਦਿੱਤੀਆਂ ਸਨ। ਪਰੰਤੂ ਰੋਇਆ ਰੱਬ ਨਾ ਰੀਝੇ,ਵਾਲੀ ਗਲ ਹੋ ਗਈ ਸੀ। ਰੇਸ਼ਮ ਦੇ ਸਾਰੇ ਪੇਪਰ ਬਹੁਤ ਮਾੜੇ ਹੋਏ ਸਨ।

ਗੁਰਜੀਤ ਹਰ ਪੇਪਰ ਗੱਡ ਕੇ ਆਉਂਦਾ ਰਿਹਾ ਸੀ। ਫੇਰ ਵੀ ਰੇਸ਼ਮ ਆਪਣੇ ਪੀਰ ਦੇ ਕ੍ਰਿਸ਼ਮੇ ਦੀ ਆਸ ਲਾਈ ਬੈਠਾ ਸੀ। ਪਰੰਤੂ ਜਦੋਂ ਦੋ ਮਹੀਨੇ ਬਾਅਦ ਨਤੀਜਾ ਆਇਆ ਸੀ,ਸਭ ਦੀਆਂ ਅੱਖਾਂ ਅੱਡੀਆਂ ਰਹਿ ਗਈਆ ਸਨ । ਗੁਰਜੀਤ ਜਿਲੇ ਵਿੱਚੋਂ ਪਹਿਲੇ ਨੰਬਰ ਤੇ ਆਇਆ ਸੀ। ਰੇਸ਼ਮ ਪੰਜਾਬੀ ਨੂੰ ਛੱਡ ਕੇ ਸਾਰੇ ਪੇਪਰਾਂ ਵਿੱਚੋਂ ਫੇਲ ਹੋ ਗਿਆ ਸੀ।

ਗੁਰਜੀਤ ਦੀ ਫੋਟੋ ਅਖਬਾਰ ਦੇ ਪਹਿਲੇ ਪੇਚ ਤੇ ਲੱਗੀ ਹੋਈ,ਜਦੋਂ ਰੇਸ਼ਮ ਨੇ ਵੇਖੀ,ਉਸ ਨੇ ਗੁੱਸੇ ਤੇ ਈਰਖਾ ਵਿੱਚ ਆ ਕੇ ਅਖਬਾਰ ਪਾੜ ਦਿੱਤੀ। ਮਾਂ ਦੀ ਗਾਲ ਪੀਰ ਨੂੰ ਕੱਢ ਦਿੱਤੀ।

# ਬੀਤੇ ਕੱਲ 40 ਮੁਕਤਿਆਂ ਦੀ ਪਵਿੱਤਰ ਧਰਤੀ ਖਿਦਰਾਣੇ ਦੀ ਢਾਬ ਸ੍ਰੀ ਮੁਕਤਸਰ ਸਾਹਿਬ ਵਿਖੇ ਇੰਡਕ ਆਰਟਸ ਵੈਲਫੇਅਰ ਕੌਂਸਲ ਵੱਲੋਂ ਜਿਲ੍ਹਾ ਪੱਧਰੀ ਕਵਿਤਾ ਉਤਸਵ ਕਰਵਾਇਆ ਗਿਆ!



ਇਸ ਸਮਾਗਮ ਦੇ ਕਰਤਾ ਧਰਤਾ ਸਤਿਕਾਰਯੋਗ ਵੱਡੇ ਬਾਈ ਭੋਲਾ ਯਮਲਾ ਜੀ Bai Bhola Yamla ਚੇਅਰਮੈਨ ਇੰਡਿਕ ਆਰਟਸ ਵੈਲਫੇਅਰ ਕੌਂਸਲ ਤੇ ਉਨ੍ਹਾਂ ਦੀ ਸਮੁੱਚੀ ਟੀਮ, ਪ੍ਰਬੰਧਕ ਕਮੇਟੀ ਵਧਾਈ ਦੀ ਪਾਤਰ ਹੈ ਕਿ ਜੋ ਇਸ ਤਰ੍ਹਾਂ ਦਾ ਇੱਕ ਚੰਗਾ ਉਪਰਾਲਾ ਕੀਤਾ! ਸਮਾਗਮ ਸ਼ੁਰੂ ਤੋਂ ਅੰਤ ਤੱਕ ਬਾਕਮਾਲ ਰਿਹਾ!ਜਿੰਨੇ ਵੀ ਕਵੀ, ਲਿਖਾਰੀ, ਗੀਤਕਾਰ ਸਟੇਜ ਤੋਂ ਆਪਣੀ ਪੇਸ਼ਕਾਰੀ ਕਰਕੇ ਗਏ, ਲਾਜਵਾਬ ਸੀ!ਮੈਂ ਜੋ ਜੋ ਗੱਲਾਂ ਸਮਾਗਮ ਵਿੱਚ ਨੋਟ ਕੀਤੀਆਂ ਉਹ ਕਰਨੀਆਂ ਜ਼ਰੂਰੀ ਨੇ 👇

👉ਸਮਾਗਮ ਦੀ ਸਾਰੀ ਰੂਪ ਰੇਖਾ ਸਟੇਜ ਸੰਚਾਲਕ ਤੇ ਖੜ੍ਹੀ ਹੁੰਦੀ ਹੈ, ਸਟੇਜ ਸੰਚਾਲਕ ਸਮਾਗਮ ਦਾ ਡਰਾਈਵਰ ਹੁੰਦਾ ਏ!ਸਮੇਂ ਨੂੰ ਬੰਨ ਕੇ ਰੱਖਣਾ, ਹਰ ਲਿਖਾਰੀ, ਸਾਹਿਤਕਾਰ, ਸਰੋਤੇ, ਦਰਸ਼ਕ ਦਾ ਮਾਣ ਸਤਿਕਾਰ ਬਾਖੂਬੀ ਬਰਕਰਾਰ ਰੱਖਣਾ, ਇਹ ਗੁਣ ਹੁੰਦੇ ਨੇ ਸਟੇਜ ਸੰਚਾਲਕ ਦੇ!ਮੈਨੂੰ ਵੀਰ ਜੀ ਦਾ ਨਾਮ ਤਾਂ ਨਹੀਂ ਪਤਾ ਪਰ ਕਮਾਲ ਦੀ ਸਟੇਜ ਸੰਚਾਲਕ ਦੀ ਭੂਮਿਕਾ ਨਿਭਾਈ ਵੀਰ ਜੀ ਨੇ!

ਮੇਰੇ ਬਹੁਤ ਹੀ ਸਤਿਕਾਰਯੋਗ ਦੱਦਾਹੂਰੀਆ ਸ਼ਰਮਾ ਜੀ, Iqbal Sahota Iqbal Sahota ਜੀ, ਅਜੈਬ ਸਿੰਘ ਰੁਪਾਣਾ, ਗੀਤਕਾਰ ਚਮਕੌਰ ਥਾਂਦੇਵਾਲਾ ਜੋ ਕਿ ਇਸ ਸਮਾਗਮ ਦੀ ਮੇਨ ਕੜੀ ਸਨ, ਉਨ੍ਹਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ, ਪੂਰੀ ਸ਼ਿੱਦਤ ਨਾਲ ਉਨ੍ਹਾਂ ਵੱਲੋਂ ਆਪਣੀ ਜ਼ਿੰਮੇਵਾਰੀ ਨਿਭਾਈ ਗਈ!

👉ਸਮਾਗਮ ਦੀ ਇੱਕ ਹੋਰ ਨੋਟ ਕਰਨ ਵਾਲੀ ਗੱਲ ਇਹ ਰਹੀ ਕਿ ਸਭ ਨੇ ਸਭ ਨੂੰ ਸੁਣਿਆ!ਨਹੀਂ ਤਾਂ ਬਹੁਤ ਸਾਰੇ ਕਵੀ ਦਰਬਾਰਾਂ ਵਿੱਚ ਆਪਣੀ ਆਪਣੀ ਕਵਿਤਾ, ਰਚਨਾਂ ਬੋਲ ਕੇ ਤੁਰਦੇ ਬਣਦੇ ਨੇ, ਤੇ ਅੰਤ ਨੂੰ 5,7 ਜਾਣੇ ਹੀ ਰਹਿ ਜਾਂਦੇ ਹੁੰਦੇ ਆ ਪਰ ਇੱਥੇ ਇੰਝ ਨਹੀਂ ਸੀ!ਸਾਰਿਆਂ ਨੇ ਹੀ ਆਏ ਹੋਏ ਸ਼ਾਇਰਾਂ, ਕਵਿਤਰੀਆਂ, ਲੇਖਕਾਂ ਨੂੰ ਬੜੇ ਹੀ ਸਤਿਕਾਰ ਨਾਲ ਸੁਣਿਆ ਤੇ ਬਣਦੀ ਹੱਲਾਸ਼ੇਰੀ ਦਿੱਤੀ!

ਇਹ ਸਮਾਗਮ ਇੱਕ ਪਰਵਾਰਿਕ ਸਮਾਗਮ ਜਾਪ ਰਿਹਾ ਸੀ।

👉ਹਰ ਇੱਕ ਨੂੰ ਖੁੱਲ੍ਹਾ ਸਮਾਂ ਦਿੱਤਾ ਗਿਆ ਆਪਣੀ ਰਚਨਾ ਨੂੰ ਬੋਲਣ ਦਾ, ਨਹੀਂ ਤਾਂ ਤਕਰੀਬਨ ਇਹੀ ਕਿਹਾ ਜਾਦਾਂ ਹੁੰਦੈ ਕਿ 1ਮਿੰਟ 'ਚ ਰਚਨਾ ਬੋਲੋ ਜੀ ਸਮਾਂ ਘੱਟ ਹੈ, ਪਰ ਇੱਥੇ ਖੁੱਲ੍ਹਾ ਸਮਾਂ ਦਿੱਤਾ ਗਿਆ ਇੱਥੇ ਇਹ ਚੀਜ਼ ਸਮਝੀ ਗਈ ਕਿ ਜੋ ਕਵੀ, ਸ਼ਾਇਰ, ਕਵਿਤਰੀਆਂ ਕਿੰਨੀ ਕਿੰਨੀ ਦੂਰੋਂ ਚੱਲ ਕੇ,ਆਪਣਾ ਕੀਮਤੀ ਸਮਾਂ ਕੱਢ ਕੇ ਆਏ ਨੇ ਉਹਨਾਂ ਨੂੰ ਆਪਣੀ ਗੱਲ ਰੱਖਣ ਦਾ ਪੂਰਾ ਪੂਰਾ ਸਮਾਂ ਦਿੱਤਾ ਜਾਵੇ!ਮੈਨੂੰ ਇਹ ਵੀ ਗੱਲ ਚੰਗੀ ਲੱਗੀ ❤️

👉ਸਮਾਗਮ ਨੂੰ ਨਿਬੇੜਣ ਦੀ ਕਾਹਲ ਨਹੀਂ ਸੀ ਕੀਤੀ ਗਈ, ਪੂਰਾ ਸਮਾਂ ਦਿੱਤਾ ਗਿਆ, ਸਭ ਨੂੰ ਬਣਦਾ ਸਮਾਂ, ਮਾਣ ਸਤਿਕਾਰ ਦਿੱਤਾ ਗਿਆ ਖਾਸ ਕਰਕੇ ਜੋ ਸਮਾਗਮ ਵਿੱਚ ਮੇਰੀਆਂ ਸਤਿਕਾਰਯੋਗ ਬੀਬੀਆਂ,ਭੈਣਾਂ ਆਈਆਂ ਉਨ੍ਹਾਂ ਦੇ ਮਾਣ ਸਤਿਕਾਰ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ!ਸਮਾਗਮ ਵਿੱਚ ਕਈ ਚਿਹਰੇ ਉਹ ਵੀ ਮਿਲੇ ਜਿੰਨ੍ਹਾਂ ਨਾਲ ਫੇਸਬੁੱਕ ਤੇ ਹੀ ਰਾਬਤਾ ਸੀ, ਚੰਗਾ ਲੱਗਿਆ ਸਭ ਨੂੰ ਮਿਲਕੇ!

ਇਸ ਸਮਾਗਮ ਵਿੱਚ ਪ੍ਰੋਗਰਾਮ ਦੇ ਚੀਫ ਗੈਸਟ ਜਾਂ ਮੁੱਖ ਮਹਿਮਾਨ ਕਹਿ ਲਈਏ ਸ੍ ਗੁਰਚਰਨ ਸਿੰਘ ਰਿਟਾਇਰਡ ਡੀ ਟੀ ਓ ਸਾਹਿਬ ਸ੍ਰੀ ਮੁਕਤਸਰ ਸਾਹਿਬ ਨੇ ਇਕੱਲੇ ਇਕੱਲੇ ਕਵੀ ਕਵਿੱਤਰੀ ਦਾ ਨਾਮ ਲੈ ਕੇ ਸਰਾਹਨਾ ਕੀਤੀ ਜੋ ਕਿ ਕਦੇ ਵੀ ਕਿਸੇ ਸਾਹਿਤਕ ਸਮਾਗਮ ਵਿੱਚ ਨਹੀਂ ਵੇਖੀ ਜਾਂਦੀ। ਤੇ ਸਭਨਾਂ ਨੂੰ ਓਨਾਂ ਦੀ ਹਾਜਰੀ ਵਿੱਚ ਸਨਮਾਨਿਤ ਕੀਤਾ ਗਿਆ ਇਹ ਵੀ ਕਿਤੇ ਘੱਟ ਈ ਵੇਖਣ ਨੂੰ ਮਿਲਦਾ ਹੈ।

👉ਤੇ ਅੰਤ ਵਿੱਚ ਜੋ ਤੁਸੀਂ ਸੁਣਨਾ ਚਾਹੁੰਦੇ ਹੋ ਮੈਂ ਉਸ ਗੱਲ ਤੇ ਆਉਣਾ.. ਇਹ ਸਮਾਗਮ ਵਿੱਚ ਕਿਸੇ ਕਵੀ, ਸ਼ਾਇਰ ਤੋਂ ਕੋਈ ਪੈਸਾ ਨਹੀਂ ਲਿਆ ਗਿਆ ਤੇ ਨਾ ਹੀ ਸਨਮਾਨ ਚਿੰਨ੍ਹ ਦੇ ਕੇ ਵਾਪਸ ਲਏ ਗਏ ਕਿ ਅਸੀਂ ਤੁਹਾਨੂੰ ਸਨਮਾਨਿਤ ਕਰ ਰਹੇ ਹਾਂ,ਅਸੀਂ ਐਨਾ ਖਰਚ ਕੀਤਾ ਵਗੈਰਾ, ਵਗੈਰਾ...!ਕਿਉਂਕਿ ਇਸ ਗੱਲ ਨੂੰ ਇਸ ਟੀਮ ਦੇ ਸਾਰੇ ਮੈਂਬਰ ਹੀ ਸਮਝਦੇ ਨੇ ਕਿ ਇੱਕ ਸੱਚਾ ਲੇਖਕ ਕਦੇ ਵਿਖਾਉ ਨਹੀਂ ਹੁੰਦਾ ਤੇ ਨਾ ਹੀ ਸਨਮਾਨਾਂ ਦਾ ਭੁੱਖਾ ਹੁੰਦਾ ਏ!ਪਰ ਕੁਝ ਕੁ ਬੰਦੇ ਜਿਨ੍ਹਾਂ ਦਾ ਸਾਹਿਤ ਨਾਲ ਕੋਈ ਲੈਣ ਦੇਣ ਨਹੀਂ ਉਹ ਸਿਰਫ਼ ਐਸੇ ਪ੍ਰੋਗਰਾਮ ਉਲੀਕ ਕੇ, ਨਵੇਂ ਕਵੀਆਂ, ਸ਼ਾਇਰਾਂ ਤੋਂ ਪੈਸੇ ਲੈ ਲੈ ਉਨ੍ਹਾਂ ਨੂੰ ਹੀ ਮੁੱਲ ਦੇ ਸਨਮਾਨ ਦੇ ਦੇ ਆਪਣਾ ਸਾਹਿਤ ਮਾਫੀਆ ਚਲਾ ਰਹੇ ਨੇ ਤੇ ਪੈਸਾ ਲੁੱਟ ਰਹੇ ਨੇ!ਪਰ ਜਿਵੇਂ ਸਿਆਣੇ ਕਹਿੰਦੇ ਹੁੰਦੇ ਨੇ ਕਿ ਪੰਜੇ ਉਂਗਲਾਂ ਬਰਾਬਰ ਨਹੀਂ ਹੁੰਦੀਆਂ, ਇਸ ਸਮਾਗਮ ਨੇ ਨਵੀਆਂ ਕਲਮਾਂ ਨੂੰ ਆਪਣੇ ਨਾਲ ਜੋੜਿਆ ਹੈ ਨਾ ਕਿ ਉਨ੍ਹਾਂ ਦਾ ਹੌਂਸਲਾ ਤੋੜਿਆ❤️

👉ਅੰਤ ਵਿੱਚ ਮੈਂ ਇਹੀ ਕਹਾਂਗਾ ਕਿ ਸਾਰਾ ਪ੍ਰੋਗਰਾਮ ਬਹੁਤ ਹੀ ਸੁਚੱਜੇ ਤੇ ਸਾਰਥਕ ਢੰਗ ਨਾਲ ਨੇਪਰੇ ਚੜ੍ਹਿਆ, ਸਮੁੱਚੀ ਪ੍ਰਬੰਧਕ ਕਮੇਟੀ ਵਧਾਈ ਦੀ ਪਾਤਰ ਹੈ!ਇਸ ਤਰ੍ਹਾਂ ਦੇ ਪ੍ਰੋਗਰਾਮ ਹੋਣੇ ਜ਼ਰੂਰੀ ਨੇ.. ਹੁਣ ਲੋੜ ਹੈ ਸਾਹਿਤਕ ਸਮਾਗਮਾਂ ਨੂੰ ਸ਼ਹਿਰਾਂ ਵਿੱਚ ਕਰਵਾਉਣ ਦੇ ਨਾਲ ਨਾਲ ਆਪਣੇ ਆਪਣੇ ਪਿੰਡਾਂ ਦੀਆਂ ਸੱਥਾਂ ਵਿੱਚ ਲੈ ਕੇ ਆਉਣ ਦੀ ਤੇ ਉਨ੍ਹਾਂ ਕਲਮਾਂ ਨੂੰ ਮੌਕਾ ਦੇਣ ਦੀ ਜਿੰਨ੍ਹਾਂ ਨੂੰ ਹਾਲੇ ਤੱਕ ਆਪਣੀ ਕਲਾ ਨੂੰ ਪੇਸ਼ ਕਰਨ ਦੇ ਮੌਕੇ ਹੀ ਨਹੀਂ ਮਿਲੇ, ਕਿੰਨੇ ਅਜਿਹੇ ਇਨਸਾਨ ਨੇ ਜਿੰਨ੍ਹਾਂ ਦੀ ਕਲਾ ਇਸ ਗੱਲੋਂ ਹੀ ਦਮ ਤੋੜ ਗਈ ਕਿਉਂਕਿ ਉਨ੍ਹਾਂ ਨੂੰ ਕੋਈ ਮੌਕਾ ਹੀ ਨਹੀਂ ਮਿਲਿਆ ਇਥੇ ਇਸ ਗੱਲ ਦੀ ਵੀ ਪਰੋੜਤਾ ਕੀਤੀ ਗਈ ਅਤੇ ਕਿਹਾ ਗਿਆ ਕਿ ਆਓ ਕਿਤਾਬਾਂ ਨਾਲ ਜੁੜੀਏ ਤੇ ਸਮਾਜ ਨੂੰ ਵੀ ਜੋੜੀਏ!ਬਾਕੀ ਮੈਂ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ। ਸਮਾਗਮ ਵਿੱਚ ਮੇਰੀਆਂ ਹੀ ਨਹੀਂ ਸਗੋਂ ਸਭਨਾਂ ਦੀਆਂ ਬੋਲੀਆਂ ਗਈਆਂ ਰਚਨਾਵਾਂ ਨੂੰ ਮੁਹੱਬਤ ਤੇ ਸਤਿਕਾਰ ਦੇਣ ਲਈ ❤️ 🙏❤️ਬੇਹੱਦ ਸ਼ੁਕਰਾਨੇ ਦੋਸਤੋ 👇

❤️🙏ਮੁਹੱਬਤ ਜ਼ਿੰਦਾਬਾਦ.. ਪੰਜਾਬ,ਪੰਜਾਬੀ,ਪੰਜਾਬੀਅਤ ਜ਼ਿੰਦਾਬਾਦ

👉 Jass Dhaliwal( ਜਸਕਰਨ ਮੱਤਾ)
#jassdhaliwalmatta
#jassdhaliwalglobe #postoftheday #post #picture #picoftheday #viralpost @highlight

ਸਟੇਟ ਐਵਾਰਡੀ ਲੇਖਕ
ਜਿਲਾ ਪ੍ਰਧਾਨ ਭਾਸ਼ਾ ਅਤੇ ਸਾਹਿਤ
ਸੈਲ ਸ੍ਰੀ ਮੁਕਤਸਰ ਸਾਹਿਬ
ਜਸਵੀਰ ਸ਼ਰਮਾ ਦੱਦਾਹੂਰ
95691-49556

# ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਖਰੋਚ...**

ਸਰੀਰਕ ਖਰੋਚ ਦਾ ਹੱਲ ਸਮਾਂ ਪਾ ਕੇ ਹੋ ਹੀ ਜਾਂਦੈ ਪਰ ਮਨ 'ਤੇ ਉਕਰੀ ਖਰੋਚ ਦਾ ਹੱਲ ਕਰਨਾ ਜਲਦੀ ਕੀਤਿਆਂ ਸੰਭਵ ਨਹੀਂ ਹੁੰਦਾ। ਪਹਿਲਾਂ ਤੋਲੋ ਫਿਰ ਬੋਲੋ॥ ਅੱਲੇ ਜ਼ਖ਼ਮਾਂ ਨੂੰ ਖਰੋਚਣ ਦੀ ਗਲਤੀ ਕਦੀ ਨਾ ਕਰੋ। ਪੀੜਾ ਵਧੇਗੀ ਤੇ ਜ਼ਖਮ ਠੀਕ ਹੋਣ ਦਾ ਸਮਾਂ ਅੱਗੇ ਵੱਧਦਾ ਜਾਵੇਗਾ॥ ਇਤਿਹਾਸ ਦੇ ਗੁਣਾਤਮਿਕ ਪੰਨਿਆਂ ਨੂੰ ਖਰੋਚਣ ਨਾਲ ਹੌਂਸਲਾ ਵਧਣ ਲੱਗੇਗਾ ਅਤੇ ਪ੍ਰੇਰਿਤ ਹੋਣ ਲੱਗੋਂਗੇ॥

**ਖੜਕਾ ...**

ਨਿੱਕੀ ਮੋਟੀ ਵਿਚਾਰਕ ਮੱਤ ਭੇਦਤਾ ਵੱਡੇ ਖੜਕੇ ਦੜਕੇ 'ਚ ਬਦਲਣਾ ਸਿਆਣਪ ਨਹੀਂ ਹੁੰਦੀ। ਖੱਪਾ ਹੋਰ ਵੱਧ ਸਕਦੈ॥ ਹਰ ਗੱਲ 'ਤੇ ਖੜਕਾ ਦੜਕਾ ਕਰਨ ਦੀ ਆਦਤ ਵਿਅਕਤੀ ਦਾ ਮਾਨ ਸਤਿਕਾਰ ਘਟਾਉਂਦੀ ਹੈ॥ ਸਮੇਂ ਮੁਤਾਬਕ ਖੁੱਦ ਨੂੰ ਖੜਕਾਉਂਦੇ ਰਹੋ ਤਾਂ ਗਲਤੀਆਂ ਕਰਨ ਦੇ ਚਾਂਸ ਘਟਦੇ ਜਾਂਦੇ ਨੇ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰਗੇਨਾਈਜ਼ਿੰਗ ਕਮਿਸ਼ਨਰ ਮਾਨਸਾ।

# ਕਾਸ਼ ਮੈਂ ਕੋਈ ਫੁੱਲ, ਜਾਂ ਪੱਤਾ ਬਣ ਰਹਿ ਜਾਵਾਂ,



ਕਾਸ਼ ਮੈਂ ਕੋਈ ਫੁੱਲ, ਜਾਂ ਪੱਤਾ ਬਣ ਰਹਿ ਜਾਵਾਂ,
ਬਣ ਜਾਵਾਂ ਨਦੀ ਕੋਈ, ਪਾਣੀ ਬਣ ਵਹਿ ਜਾਵਾਂ,

ਪੋਣਾਂ ਵਗਦੀਆਂ ਨੂੰ ਦੱਸ ਮੈਂ ਕਿੰਝ ਰੋਕਾਂ,
ਹਵਾਵਾਂ ਚ ਮਹਿਕ ਬਣ ਤੇਰੀ ਰੂਹ ਨਾਲ ਖਹਿ ਜਾਵਾਂ,

ਏਨਾ ਪੰਛੀਆਂ ਦੇ ਚਹਿਕਣ ਚ ਕਿੰਨਾ ਰਸ ਭਰਿਆ,
ਹੋਵਾਂ ਕੋਇਲ ਦੀ ਆਵਾਜ਼ ਮੈਂ, ਤੇਰੇ ਕੰਨੀ ਪੈ ਜਾਵਾਂ,

ਸ਼ਾਂਤ ਚਟਾਨਾ ਚ ਵੀ, ਕਈਂ ਰਾਜ ਛਿਪ ਜਾਵਣ,
ਬਣਾ ਦਰਦਾਂ ਦਾ ਪੱਥਰ ਤੇਰੀ ਖੁਸ਼ੀ ਲਈ ਢਹਿ ਜਾਵਾਂ,

ਰਾਣੂ ਗ਼ਮ ਚ ਹੀ ਨਾ ਕੋਈ ਬੇਲੀ ਬਣਿਆ ,
ਦੁੱਖਾਂ ਦੀ ਪੰਡ ਬੰਨ ਕੇ ਅੰਦਰੋ ਅੰਦਰੀ ਸਹਿ ਜਾਵਾਂ....

ਗੁਰਜੀਤ ਕੌਰ ਰਾਣੂ.

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

# ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਮੀਆਂਵਿੰਡ ਨੇ ਕਰਵਾਇਆ ਸਾਲਾਨਾ ਇਨਾਮ ਵੰਡ ਸਮਾਰੋਹ




**ਗੁਰਪ੍ਰੀਤ ਸਿੰਘ ਕੱਦ >ਤਰਨਤਾਰਨ, 31 ਮਾਰਚ |**

ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਮੀਆਂਵਿੰਡ ਵਿਖੇ ਗ੍ਰੇਜੁਏਸ਼ਨ ਸੈਰੇਮਨੀ, ਮਾਪੇ ਅਧਿਆਪਕ ਮਿਲਣੀ ਅਤੇ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ।ਜਿਸ ਵਿੱਚ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦੀ ਭਰਵੀਂ ਸ਼ਮੂਲੀਅਤ ਕੀਤੀ।ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਬੀ. ਪੀ. ਈ. ਖਡੂਰ ਸਾਹਿਬ ਦਿਲਬਾਗ ਸਿੰਘ ਅਤੇ ਪਿੰਡ ਮੀਆਂਵਿੰਡ ਤੋਂ ਬਲਾਕ ਸੰਮਤੀ ਦੇ ਚੇਅਰਮੈਨ ਸਤਨਾਮ ਸਿੰਘ ,ਸਰਪੰਚ ਮੈਡਮ ਮਨਦੀਪ ਕੌਰ, ਮੈਂਬਰ ਮੈਡਮ ਕੁਲਬੀਰ ਕੌਰ, ਸੈਂਟਰ ਸਰਾਂ ਤਲਵੰਡੀ ਦੇ ਸੀ. ਐੱਚ.ਟੀ. ਮੈਡਮ ਜਗਦੀਸ਼ ਕੌਰ , ਸੈਂਟਰ ਖਡੂਰ ਸਾਹਿਬ ਤੋਂ ਸੀ. ਐੱਚ.ਟੀ. ਸੁਖਵਿੰਦਰ ਸਿੰਘ ਧਾਮੀ, ਮੈਡਮ ਪ੍ਰੀਤ ਮੋਹਨ, ਬੀ. ਐਮ. ਟੀ. ਕੇਵਲ ਕੁਮਾਰ ਜੀ, ਸਕੂਲ ਐੱਸ. ਐੱਮ. ਸੀ. ਕਮੇਟੀ ਦੇ ਚੇਅਰਪਰਸਨ ਮੈਡਮ ਕਿਰਨਦੀਪ ਕੌਰ, ਮੈਂਬਰਜ ਬੱਚਿਆਂ ਦੇ ਮਾਪੇ ਸ਼ਾਮਿਲ ਹੋਏ। ਇਸ ਮੌਕੇ ਬੱਚਿਆਂ ਦੀਆਂ ਸੱਭਿਆਚਾਰਕ ਅਤੇ ਸਾਹਿਤਕ ਪੇਸ਼ਕਾਰੀਆਂ ਨੇ ਹਾਜ਼ਰ ਮਹਿਮਾਨਾਂ ਦਾ ਮਨ ਮੋਹ ਲਿਆ ।ਇਸ ਮੌਕੇ ਸਕੂਲ ਦੇ ਬੱਚਿਆਂ ਨੂੰ ਪੇਪਰਾਂ ਵਿੱਚ ਪਾਸ ਹੋਣ ਉਪਰੰਤ ਸਟੇਸ਼ਨਰੀ ਅਤੇ ਸ਼ੀਲਡਾਂ ਦੇ ਕੇ ਹੌਂਸਲਾ ਅਫਜਾਈ ਕੀਤੀ ਗਈ ਅਤੇ ਨਵੀਆਂ ਜਮਾਤਾਂ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਇਸ ਮੌਕੇ ਸਕੂਲ ਮੁਖੀ ਮੈਡਮ ਰਣਜੀਤ ਕੌਰ ਅਤੇ ਸਮੂਹ ਸਟਾਫ ਨੇ ਆਏ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੀ. ਪੀ. ਈ. ਓ. ਸਾਹਿਬ ਨੇ ਅਤੇ ਬਾਕੀ ਮਹਿਮਾਨਾਂ ਨੇ ਬੱਚਿਆਂ ਨੂੰ ਇਮਤਿਹਾਨਾਂ ਵਿੱਚ ਪਾਸ ਹੋਣ ਤੇ ਵਧਾਈ ਦਿੱਤੀ ਅਤੇ ਬੱਚਿਆਂ ਦੇ ਮਾਪਿਆਂ ਨੂੰ ਬੱਚਿਆਂ ਦੀ ਸਿਹਤ, ਪੜ੍ਹਾਈ ਅਤੇ ਸਕੂਲ ਵਿੱਚ ਰੋਜ਼ਾਨਾ ਹਾਜਰੀ ਲਈ ਅਪੀਲ ਕੀਤੀ। ਅੰਤ ਵਿੱਚ ਮੁੱਖ ਅਧਿਆਪਕਾ ਨੇ ਆਏ ਸਾਰੇ ਮਹਿਮਾਨਾਂ ਅਤੇ ਬੱਚਿਆਂ ਦੇ ਮਾਪਿਆਂ ਦੇ ਸਕੂਲ ਪਹੁੰਚਣ 'ਤੇ ਧੰਨਵਾਦ ਕੀਤਾ।ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਮੀਆਂਵਿੰਡ ਵਿਖੇ ਕਰਵਾਏ ਸਾਲਾਨਾ ਇਨਾਮ ਵੰਡ ਸਮਾਰੋਹ ਮੌਕੇ ਸਕੂਲ ਦੇ ਵਿਦਿਆਰਥੀਆਂ ਨੂੰ ਇਨਾਮ ਵੰਡਦੇ ਹੋਏ ਸਕੂਲ ਮੁਖੀ ਅਤੇ ਮੁੱਖ ਮਹਿਮਾਨ। ਪ੍ਰੋਗਰਾਮ ਵਿੱਚ ਪੁੱਜੇ ਵਿਸ਼ੇਸ਼ ਮਹਿਮਾਨ ਸਰਬਜੀਤ ਸਿੰਘ ਨੂੰ ਸਨਮਾਨਿਤ ਕਰਦੇ ਹੋਏ ਸਕੂਲ ਸਕੂਲ ਮੁਖੀ ਰਣਜੀਤ ਕੌਰ ਅਤੇ ਹੋਰ ਮਹਿਮਾਨ।

# ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਵਿੱਚ 06 ਅਪਰੈਲ ਦੇ ਐਕਸ਼ਨ ਸਬੰਧੀ ਲਏ ਅਹਿਮ ਫੈਸਲੇ



**ਗੁਰਪ੍ਰੀਤ ਸਿੰਘ ਕੱਦ >ਤਰਨਤਾਰਨ, 31 ਮਾਰਚ |**

ਸੰਯੁਕਤ ਕਿਸਾਨ ਮੋਰਚੇ ਵਿੱਚ ਕੰਮ ਕਰਦੀਆਂ ਵੱਖ-ਵੱਖ ਸਾਂਝ ਜਥੇਬੰਦੀਆਂ ਦੀ ਇੱਕ ਅਹਿਮ ਤਿਆਰੀ ਮੀਟਿੰਗ ਸਥਾਨਕ ਗਾਂਧੀ ਪਾਰਕ ਤਰਨ ਤਾਰਨ ਵਿਖੇ ਡਾਕਟਰ ਇੰਦਰਜੀਤ ਸਿੰਘ ਰਾਣਾ ਸੂਬਾਈ ਮੀਤ ਪ੍ਰਧਾਨ ਕੁਲ ਹਿੰਦ ਕਿਸਾਨ ਸਭਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਪੰਜਾਬ ਦੇ ਪਾਣੀਆਂ ਦਾ ਮਸਲਾ, ਐਮ ਐਸ ਪੀ, ਕਰਜ਼ਾ ਮੁਕਤੀ, ਖੇਤੀ ਨੀਤੀ ਲਾਗੂ ਕਰਵਾਉਣ , ਮੁਕਤ ਵਪਾਰ ਸਮਝੌਤਾ, ਬਿਜਲੀ ਸੋਧ ਬਿੱਲ, ਬੀਜ ਬਿੱਲ ਅਤੇ ਨਿੱਜੀਕਰਨ ਦੀਆਂ ਹੋਰ ਨੀਤੀਆਂ ਖ਼ਿਲਾਫ਼ ਲਈ 6 ਅਪ੍ਰੈਲ ਨੂੰ ਡੀ ਸੀ ਦਫਤਰ ਦਿੱਤੇ ਦਿੱਤੇ ਜਾ ਰਹੇ ਧਰਨਿਆਂ ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਲੰਬੇ ਸਮੇਂ ਤੋਂ ਮੰਗ ਕਰਦਾ ਆ ਰਿਹਾ ਹੈ ਕਿ ਹਰ ਖੇਤ ਨੂੰ ਨਹਿਰੀ ਪਾਣੀ ਅਤੇ ਪੀਣ ਵਾਸਤੇ ਸਾਫ ਪਾਣੀ ਦੇ ਦੀ ਮੰਗ ਕਰਦਾ ਆ ਰਿਹਾ ਹੈ। ਸੰਯੁਕਤ ਕਿਸਾਨ ਮੋਰਚੇ ਨੇ ਸਾਰੀ ਸਥਿਤੀ ਤੇ ਵਿਚਾਰ ਕਰਦਿਆਂ ਮੰਗ ਕੀਤੀ ਕਿ ਪੰਜਾਬ ਦੇ ਪਾਣੀਆਂ ਦਾ ਮਸਲਾ ਰਿਪੇਰੀਅਨ ਅਤੇ ਬੇਸਿਨ ਸਿਧਾਂਤ ਨੂੰ ਮੁੱਖ ਰੱਖ ਕੇ ਹੱਲ ਕੀਤਾ ਜਾਵੇ, ਪੰਜਾਬ ਪੁਨਰਗਠਨ ਐਕਟ ਦੀਆਂ ਵਿਤਕਰੇਪੂਰਨ ਧਾਰਾਵਾਂ 78, 79 ਅਤੇ 80 ਰੱਦ ਕੀਤੀਆਂ ਜਾਣ ਅਤੇ ਸਾਰੇ ਗੈਰ ਕਾਨੂੰਨੀ ਸਮਝੌਤੇ ਅਤੇ ਐਵਾਰਡ ਰੱਦ ਕੀਤੇ ਜਾਣ।ਸੰਯੁਕਤ ਕਿਸਾਨ ਮੋਰਚੇ ਨੇ ਮੰਗ ਕੀਤੀ ਕਿ ਸਾਰੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਮੁਕੰਮਲ ਕਰਜ਼ਾ ਮੁਕਤੀ ਕੀਤੀ ਜਾਵੇ ਕਿਉਂਕਿ ਪੰਜਾਬ ਦੇ ਕਿਸਾਨਾਂ ਅਤੇ ਮਜ਼ਦੂਰਾਂ ਸਿਰ ਕਰਜ਼ਾ, ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਚੜ੍ਹਿਆ ਹੈ। ਸਾਰੀਆਂ ਫਸਲਾਂ ਦੀ ਐਮਐਸ ਪੀ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਸੀ-2+50% ਦੇ ਫਾਰਮੂਲੇ ਨਾਲ ਦੇਣ ਦੀ ਮੰਗ ਕੀਤੀ ਗਈ। ਇਸ ਤੋਂ ਇਲਾਵਾ ਸੰਯੁਕਤ ਕਿਸਾਨ ਮੋਰਚਾ ਨੇ ਕਿਹਾ ਕਿ ਪੰਜਾਬ ਖੇਤੀ ਕਮਿਸ਼ਨ ਵੱਲੋਂ ਖੇਤੀ ਨੀਤੀ ਬਣਾ ਕੇ ਪੰਜਾਬ ਸਰਕਾਰ ਨੂੰ ਸੌਂਪੀ ਹੋਈ ਹੈ। ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਤਾਨਾਸ਼ਾਹੀ ਫੁਰਮਾਨ ਰਾਹੀਂ ਧੱਕੇ ਨਾਲ ਕਿਸਾਨਾ ਦੇ ਸੇਅਰ ਵੇਚ ਰਹੀ ਹੈ ਸੋ ਕਿ ਗੈਰਕਨੂਨੀ ਹੈ।ਇਹ ਕਦਾਚਿੱਤ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਆਗੂਆਂ ਵੱਲੋਂ ਕਿਸਾਨਾ ਨੂੰ ਵੱਡੀ ਗਿਣਤੀ ਵਿੱਚ ਸਹਿਕਾਰੀ ਖੰਡ ਮਿੱਲ ਸੇਰੋਂ ਸਾਹਮਣੇ ਧਰਨੇ ਵਿੱਚ ਪਹੁੰਚਣ ਦੀ ਅਪੀਲ ਕੀਤੀ। ਮੀਟਿੰਗ ਵਿੱਚ ਮਿਹਰ ਸਿੰਘ ਸਖੀਰਾ, ਭੁਪਿੰਦਰ ਸਿੰਘ ਪੰਡੋਰੀ ਤਖਤ ਮਲ, ਜਗਤਾਰ ਸਿੰਘ,ਜੱਸਾ ਸਿੰਘ ਕੱਦਗਿਲ ,ਸੁਖਦੇਵ ਸਿੰਘ ਮਾਣੋਚਾਹਲ ,ਸੁਖਦੇਵ ਸਿੰਘ ਕੋਟ ਧਰਮ ਚੰਦ ,ਮਹਾਂਵੀਰ ਸਿੰਘ ਗਿੱਲ ,ਗੁਰਦਿਆਲ ਸਿੰਘ ਵਰਨਾਲਾ, ਮਨਜੀਤ ਸਿੰਘ ਬੱਗੂ, ਤਰਸੇਮ ਸਿੰਘ ਲੁਹਾਰ, ਗੁਰਚਰਨ ਸਿੰਘ ਸਭਰਾਂ ਅਤੇ ਨਛੱਤਰ ਸਿੰਘ ਪੰਨੂ ਹਾਜ਼ਰ ਸਨ ।

# ਇਸੇ ਮਹੀਨੇ ਅਜਨਾਲਾ 'ਚ ਪਨਾਹੀ ਕਦੀਮ 10,181 ਕਨਾਲ ਜਮੀਨ ਦੇ ਕਿਸਾਨ ਮਾਲਕਾਂ ਨੂੰ ਮਾਨ ਸਰਕਾਰ ਦੇਵੇਗੀ ਮਾਲਕੀ ਹੱਕ –ਧਾਲੀਵਾਲ




**ਗੁਰਪ੍ਰੀਤ ਸਿੰਘ ਕੱਦ >ਤਰਨਤਾਰਨ, 31 ਮਾਰਚ |**

ਆਮ ਆਦਮੀ ਪਾਰਟੀ ਦੇ ਸੂਬਾਈ ਮੁੱਖ ਬੁਲਾਰੇ , ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਅੱਜ ਤੋਂ ਸ਼ੁਰੂ ਹੋ ਰਹੇ ਅਪ੍ਰੈਲ ਮਹੀਨੇ 'ਚ ਬਕਾਇਦਾ ਰਸਮੀ ਤੌਰ ਤੇ ਵਧੀਕ ਡਿਪਟੀ ਕਮਿਸ਼ਨਰ ਅੰਮ੍ਰਿਤਸਰ, ਐਸਡੀਐਮ ਅਜਨਾਲਾ , ਮਾਲ ਵਿਭਾਗ ਦੇ ਅਧਿਕਾਰੀਆਂ ਦੀ ਅਗਵਾਈ 'ਚ ਅਜਨਾਲਾ 'ਚ ਵਿਸ਼ੇਸ਼ ਕੈਂਪ ਲਗਾ ਕੇ ਸੰਬੰਧਤ ਪ੍ਰਭਾਵਿਤ ਕਿਸਾਨਾਂ 'ਚ 'ਪਨਾਹੀ ਕਦੀਮ', 'ਮਾਲਗੁਜ਼ਾਰ' ਅਤੇ 'ਮੁਆਫ਼ੀਦਾਰ' ਸ਼੍ਰੇਣੀ ਦੀਆਂ ਉਪਜਾਊ ਜਮੀਨਾਂ ਤੇ ਖੇਤੀ ਕਰਦੇ ਕਿਸਾਨਾਂ ਨੂੰ ਮਾਲਕੀ ਹੱਕ ਦੇ ਕਾਗਜ਼ਾਤ ਸੌਂਪੇ ਜਾਣ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਲੋਂ ਕਮਰਕੱਸੇ ਕਰ ਲਏ ਹਨ।ਸ. ਧਾਲੀਵਾਲ ਅੱਜ 'ਸ਼ਾਨਦਾਰ ਚਾਰ ਸਾਲ ਭਗਵੰਤ ਮਾਨ ਦੇ ਨਾਲ ' ਮੁਹਿੰਮ ਤਹਿਤ ਹਲਕੇ ਦੇ ਸਾਹੋਵਾਲ, ਡਿਆਲ ਭੱਟੀ, ਅਨੈਤਪੁਰਾ, ਅਲੀਵਾਲ ਕੋਟਲੀ, ਨਾਨਕਪੁਰਾ, ਗੁਜਰਪੁਰਾ, ਗੁਰਾਲਾ, ਤੇ ਜਗਦੇਵ ਖੁਰਦ ਵਿਖੇ ਕਿਸਾਨਾਂ, ਮਜਦੂਰਾਂ ਸਮੇਤ ਪੇਂਡੂ ਲੋਕਾਂ ਨਾਲ ਸਿੱਧਾ ਵਿਚਾਰ ਵਟਾਂਦਰਾ ਕਰਨ ਅਤੇ ਸੂਬਾ ਸਰਕਾਰ ਦੇ ਹੱਕ 'ਚ ਲੋਕਾਂ ਦੀ ਲਾਮਬੰਦੀ ਲਈ ਪ੍ਰਭਾਵਸ਼ਾਲੀ ਜਨਤਕ ਮੀਟਿੰਗਾਂ ਨੂੰ ਸੰਬੋਧਨ ਕਰ ਰਹੇ ਸਨ। ਸ. ਧਾਲੀਵਾਲ ਨੇ ਕਿਹਾ ਕਿ ਅਜਾਦੀ ਪਿੱਛੋਂ ਸਾਲ 1952 ਤੋਂ ਸਾਲ 2022 ਮਾਰਚ ਤੱਕ ਕਰੀਬ ਪੌਣੀ ਸਦੀ ਪੰਜਾਬ ਦੀ ਸੱਤਾ ਤੇ ਕਾਬਜ਼ ਰਹੀਆਂ ਅਤੇ ਕਿਸਾਨ ਹਿਤੈਸ਼ੀ ਹੋਣ ਦਾ ਰੋਣਾ ਰੋਂਦੀਆਂ ਰਹੀਆਂ ਪਹਿਲੀਆਂ ਰਵਾਇਤੀ ਪਾਰਟੀਆਂ ਕਾਂਗਰਸ, ਅਕਾਲੀ – ਭਾਜਪਾ ਦੀਆਂ ਸਰਕਾਰਾਂ ਵਲੋਂ ਵਿਧਾਨ ਸਭਾ ਹਲਕਾ ਅਜਨਾਲਾ ਅਧੀਨ ਪੈਂਦੇ ਵੱਖ ਵੱਖ ਪਿੰਡਾਂ 'ਚ 10 ਹਜਾਰ 181 ਕਨਾਲ 'ਪਨਾਹੀ ਕਦੀਮ', 'ਮਾਲਗੁਜ਼ਾਰ' ਅਤੇ 'ਮੁਆਫ਼ੀਦਾਰ' ਸ਼੍ਰੇਣੀ ਦੀਆਂ ਉਪਜਾਊ ਜਮੀਨਾਂ 'ਤੇ ਨਿਰੰਤਰ ਖੇਤੀ ਕਰਦੇ ਆ ਰਹੇ 6344 ਕਿਸਾਨਾਂ ਨੂੰ ਮਾਲਕੀ ਹੱਕ ਦੇਣ ਤੋਂ ਬੜੀ ਬੇਕਿਰਕੀ ਨਾਲ ਵਾਂਝੇ ਰੱਖਿਆ ਹੋਇਆ ਸੀ। ਜਦੋਂਕਿ ਉਨ੍ਹਾਂ (ਸ. ਧਾਲੀਵਾਲ) ਵਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ 'ਚ ਬਤੌਰ ਕੈਬਨਿਟ ਵਜੀਰ ਹੁੰਦਿਆਂ ਕੈਬਨਿਟ ਮੀਟਿੰਗ ਵਿੱਚ 'ਪਨਾਹੀ ਕਦੀਮ', 'ਮਾਲਗੁਜ਼ਾਰ' ਅਤੇ 'ਮੁਆਫ਼ੀਦਾਰ' ਸ਼੍ਰੇਣੀਆਂ ਨੂੰ ਜਮੀਨਾਂ ਦੇ ਮਾਲਕੀ ਹੱਕ ਲਈ ਮੁੱਦਾ ਉਠਾਏ ਜਾਣ ਤੇ ਉਸੇ ਮੰਤਰੀ ਮੰਡਲ ਮੀਟਿੰਗ 'ਚ ਹੀ ਮਤਾ ਪਾਸ ਕਰਕੇ ਪ੍ਰਭਾਵਿਤ ਸ਼੍ਰੇਣੀਆਂ ਦੇ ਕਿਸਾਨਾਂ ਮਾਲਕੀ ਹੱਕ ਦੇਣ ਦਾ ਇਤਿਹਾਸਕ ਫੈਸਲਾ ਲਿਆ ਗਿਆ ਸੀ।ਉਨ੍ਹਾਂ ਐਲਾਨ ਕੀਤਾ ਕਿ ਹਲਕੇ 'ਚ ਉਕਤ ਸ਼੍ਰੇਣੀ ਦੀਆਂ ਜਮੀਨਾਂ ਦੀ ਅਧਿਕਾਰਤ ਖੇਤਰ 'ਚ ਸ਼ਨਾਖਤ ਕੀਤੀ ਜਾ ਚੁੱਕੀ ਹੈ ਅਤੇ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਇਨ੍ਹਾਂ ਸ਼੍ਰੇਣੀਆਂ ਦੀਆਂ ਜਮੀਨਾਂ ਤੇ ਖੇਤੀ ਕਰਦੇ ਕਿਸਾਨਾਂ ਨੂੰ ਮਾਲਕੀ ਹੱਕ ਦੇਣ ਲਈ ਕਾਗਜ਼ਾਤ ਜਲਦੀ ਤਿਆਰ ਕਰਨ ਦੇ ਆਦੇਸ਼ ਦਿੱਤੇ ਗਏ ਹਨ ਤਾਂ ਜੋ ਮਾਲਕੀ ਹੱਕ ਕਾਗਜ਼ਾਤ ਤਿਆਰ ਹੋਣ ਦੀ ਪ੍ਰਕਿ੍ਰਆ ਮੁਕੰਮਲ ਹੋਣ ਦੌਰਾਨ ਹੀ ਪ੍ਰਭਾਵਿਤ ਕਿਸਾਨਾਂ 'ਚ ਮਾਲਕੀ ਹੱਕ ਦੇ ਦਸਤਾਵੇਜ਼ ਸੌਂਪੇ ਜਾ ਸਕਣ।ਇਸੇ ਦੌਰਾਨ ਹਲਕੇ ਦੇ ਪਿੰਡਾਂ ਤਲਵੰਡੀ ਨਾਹਰ , ਬੋਹੜਵਾਲਾ, ਹੇਲਰ, ਮਾਕੋਵਾਲ, ਗੋਰੇਨੰਗਲ, ਉਰਧਨ, ਤੇ ਜੱਸੜ ਪਿੰਡਾਂ 'ਚ ਮਾਨ ਸਰਕਾਰ ਦੀਆਂ ਲੋਕ ਪੱਖੀ ਪ੍ਰਾਪਤੀਆਂ ਦੇ ਹੱਕ 'ਚ ਜਨਤਕ ਲਾਮਬੰਦੀ ਲਈ ਹੋਈਆਂ ਮੀਟਿੰਗਾਂ ਨੂੰ ਹਲਕਾ ਸਿੱਖਿਆ ਕੋਆਰਡੀਨੇਟਰ, ਸੀਨੀਅਰ ਮਹਿਲਾ ਆਗੂ ਐਡਵੋਕੇਟ ਅਮਨਦੀਪ ਕੌਰ ਧਾਲੀਵਾਲ, ਨੇ ਕਿਹਾ ਕਿ ਸੂਬਾ ਭਗਵੰਤ ਮਾਨ ਸਰਕਾਰ ਵਲੋਂ ਆਪਣੇ ਚਾਰ ਸਾਲ ਦੇ ਮੁੱਢਲੇ ਕਾਰਜਕਾਲ 'ਚ ਔਰਤਾਂ, ਸਿੱਖਿਆ, ਸਿਹਤ, ਚਹੁੰਮੁੱਖੀ ਵਿਕਾਸ, ਲੋਕ ਕਲਿਆਣਕਾਰੀ ਸਕੀਮਾਂ ਆਦਿ ਪ੍ਰਾਪਤੀਆਂ ਤੋਂ ਇਲਾਵਾ ਨਸ਼ਿਆਂ , ਗੈਂਗਸਟਰਵਾਦ ਨੂੰ ਖਤਮ ਕਰਨ ਲਈ ਜੋ ਪ੍ਰਸ਼ਾਸ਼ਨਿਕ ਕਦਮ ਚੁੱਕੇ ਹਨ, ਇਨ੍ਹਾਂ ਪ੍ਰਾਪਤੀਆਂ ਮੁਕਾਬਲੇ ਸਾਬਕਾ ਕਾਂਗਰਸ ,ਅਕਾਲੀ -ਭਾਜਪਾ ਸਰਕਾਰਾਂ ਦੀ ਪ੍ਰਾਪਤੀ ਲਗਭਗ ਗਰਾਊਂਡ ਜ਼ੀਰੋ ਹੈ।

# ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ 'ਤੇ ਐਂਟਰੀ ਫੀਸ ਦਾ ਬੋਝ ਨਾ ਪਾਇਆ ਜਾਵੇ: ਐਡਵੋਕੇਟ ਹਰਜਿੰਦਰ ਸਿੰਘ ਧਾਮੀ



**ਅੰਮ੍ਰਿਤਸਰ |**

ਸਿੱਖ ਧਰਮ ਦੇ ਪ੍ਰਮੁੱਖ ਗੁਰਧਾਮਾਂ ਦੇ ਦਰਸ਼ਨਾਂ ਲਈ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਨੇ ਇੱਕ ਅਹਿਮ ਆਵਾਜ਼ ਉਠਾਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇੱਕ ਬਿਆਨ ਜਾਰੀ ਕਰਦਿਆਂ ਪਾਕਿਸਤਾਨ ਸਰਕਾਰ ਵੱਲੋਂ ਸ਼ਰਧਾਲੂਆਂ ਤੋਂ ਵਸੂਲੀ ਜਾਣ ਵਾਲੀ ਐਂਟਰੀ ਫੀਸ ਨੂੰ 'ਗੈਰ-ਵਾਜਬ' ਕਰਾਰ ਦਿੱਤਾ ਹੈ।ਧਾਮੀ ਨੇ ਕਿਹਾ ਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਅਤੇ ਹੋਰ ਇਤਿਹਾਸਕ ਅਸਥਾਨਾਂ ਦੇ ਦਰਸ਼ਨਾਂ ਲਈ ਜਾਣ ਵਾਲੀ ਸੰਗਤ 'ਤੇ 20 ਡਾਲਰ (ਜਾਂ ਹੋਰ ਤੈਅਸ਼ੁਦਾ ਐਂਟਰੀ ਫੀਸ) ਦਾ ਆਰਥਿਕ ਬੋਝ ਪਾਉਣਾ ਸ਼ਰਧਾ ਦੇ ਰਸਤੇ ਵਿੱਚ ਇੱਕ ਰੁਕਾਵਟ ਹੈ। ਉਨ੍ਹਾਂ ਅਨੁਸਾਰ, ਬਹੁਤ ਸਾਰੇ ਸ਼ਰਧਾਲੂ ਅਜਿਹੇ ਹੁੰਦੇ ਹਨ ਜੋ ਆਰਥਿਕ ਤੌਰ 'ਤੇ ਕਮਜ਼ੋਰ ਹਨ ਪਰ ਉਹ ਆਪਣੇ ਪੁਰਖਿਆਂ ਦੇ ਗੁਰਧਾਮਾਂ ਨੂੰ ਦੇਖਣ ਦੀ ਤਮੰਨਾ ਰੱਖਦੇ ਹਨ। ਅਜਿਹੀ ਫੀਸ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀ ਹੈ।

ਐਡਵੋਕੇਟ ਧਾਮੀ ਨੇ ਭਾਰਤ ਸਰਕਾਰ ਨੂੰ ਵੀ ਇਸ ਮਾਮਲੇ ਵਿੱਚ ਦਖ਼ਲ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪਾਕਿਸਤਾਨੀ ਹਕੂਮਤ ਨਾਲ ਡਿਪਲੋਮੈਟਿਕ ਪੱਧਰ 'ਤੇ ਗੱਲ ਕਰਕੇ ਇਸ ਫੀਸ ਨੂੰ ਮੁਕੰਮਲ ਤੌਰ 'ਤੇ ਖ਼ਤਮ ਕਰਵਾਏ। ਧਾਮੀ ਨੇ ਜ਼ੋਰ ਦੇ ਕੇ ਕਿਹਾ ਕਿ ਧਾਰਮਿਕ ਦਰਸ਼ਨਾਂ ਨੂੰ ਵਪਾਰਕ ਨਜ਼ਰੀਏ ਨਾਲ ਨਹੀਂ ਦੇਖਿਆ ਜਾਣਾ ਚਾਹੀਦਾ, ਸਗੋਂ ਇਹ ਦੋਵਾਂ ਦੇਸ਼ਾਂ ਵਿਚਾਲੇ ਆਪਸੀ ਭਾਈਚਾਰੇ ਅਤੇ ਸ਼ਾਂਤੀ ਦਾ ਪ੍ਰਤੀਕ ਹੋਣਾ ਚਾਹੀਦਾ ਹੈ।

# ਦੇਸ਼ ਭਗਤ ਯਾਦਗਾਰ ਹਾਲ ਚੋਹਲਾ ਸਾਹਿਬ ਵਿਖੇ ਫ੍ਰੀ ਕੋਚਿੰਗ ਸੈਂਟਰ ਦਾ ਹੋਇਆ ਉਦਘਾਟਨ



**ਚੋਹਲਾ ਸਾਹਿਬ 1 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਇਲਾਕਾ ਚੋਹਲਾ ਸਾਹਿਬ ਵਿੱਚ ਕੋਚਿੰਗ ਸੈਂਟਰ ਦੀ ਘਾਟ ਨੂੰ ਮੁੱਖ ਰੱਖਦਿਆਂ ਹੋਇਆਂ ਦੇਸ਼ ਭਗਤ ਯਾਦਗਾਰ ਹਾਲ ਵਿਖੇ ਅੱਜ ਇਲਾਕੇ ਦੇ ਮੋਹਤਬਰ ਵਿਅਕਤੀਆਂ ਦੀ ਹਾਜ਼ਰੀ ਵਿੱਚ ਅਰਦਾਸ ਕਰਨ ਉਪਰੰਤ ਆਗਾਜ਼ ਕੀਤਾ ਗਿਆ। ਇਸ ਕੋਚਿੰਗ ਸੈਂਟਰ ਨੂੰ ਸ਼ੁਰੂ ਕਰਨ ਲਈ ਇਲਾਕੇ ਦੀਆਂ ਨਾਮਵਰ ਸ਼ਖ਼ਸੀਅਤਾਂ ਰਿਟਾਇਰਡ ਬ੍ਰਿਗੇਡੀਅਰ ਪਾਲ ਸਿੰਘ ਸੰਧੂ ਰੱਤੋਕੇ ਅਤੇ ਰਿਟਾਇਰਡ ਡੀ ਆਈ ਜੀ ਚਰਨਜੀਤ ਸਿੰਘ ਬਰਾੜ ਵੱਲੋਂ ਰਿਟਾਇਰਡ ਪ੍ਰਿੰਸੀਪਲ ਕਸ਼ਮੀਰ ਸਿੰਘ ਸੰਧੂ ਦੀ ਅਗਵਾਈ ਹੇਠ ਉੱਚ ਯੋਗਤਾ ਪ੍ਰਾਪਤ ਪੰਜ ਟੀਚਰ ਰੱਖੇ ਗਏ ਹਨ। ਇਸ ਮੌਕੇ ਬੋਲਦਿਆਂ ਹੋਇਆਂ ਸੂਬੇਦਾਰ ਬਖ਼ਸ਼ੀਸ਼ ਸਿੰਘ ਰੱਤੋਕੇ ਨੇ ਦੱਸਿਆ ਕਿ ਕੋਚਿੰਗ ਸੈਂਟਰ ਵਿਚ ਵੱਖ ਵੱਖ-ਵੱਖ ਫੋਰਸਾਂ ਵਿੱਚ ਭਰਤੀ ਹੋਣ ਲਈ ਪੜ੍ਹਾਈ ਕਰਵਾਈ ਜਾਵੇਗੀ ਜਿਵੇਂ ਕਿ ਹੁਣ ਪੰਜਾਬ ਸਰਕਾਰ ਵੱਲੋਂ ਪੰਜਾਬ ਪੁਲਿਸ ਦੀ ਭਰਤੀ ਦਾ ਇਸ਼ਤਿਹਾਰ ਦਿੱਤਾ ਗਿਆ ਹੈ ਤੇ ਇਸ ਭਰਤੀ ਪ੍ਰਕਿਰਿਆ ਵਿੱਚ ਨੌਜਵਾਨਾਂ ਦਾ ਲਿਖਤੀ ਇਮਤਿਹਾਨ ਵੀ ਲਿਆ ਜਾਣਾ ਹੈ ਇਸ ਕਰਕੇ ਨੌਜਵਾਨ ਇਸ ਪ੍ਰੀਖਿਆ ਦੀ ਤਿਆਰੀ ਇਸ ਸੈਂਟਰ ਵਿੱਚ ਬਿਲਕੁਲ ਮੁਫ਼ਤ ਕਰ ਸਕਦੇ ਹਨ। ਇਸ ਸਮੇਂ ਪ੍ਰਿੰਸੀਪਲ ਕਸ਼ਮੀਰ ਸਿੰਘ ਸੰਧੂ ਨੇ ਕਿਹਾ ਕਿ ਇਸ ਕੋਚਿੰਗ ਸੈਂਟਰ ਵਿਚ ਨਰਸਿੰਗ ਕਾਲਜ ਵਿੱਚ ਦਾਖਲਾ ਲੈਣ ਲਈ ਜਾਂ ਕਿਸੇ ਹੋਰ ਯੂਨੀਵਰਸਿਟੀ ਵਿੱਚ ਦਾਖਲਾ ਲੈਣ ਸਮੇਂ ਵੀ ਲਿਖਤੀ ਪ੍ਰੀਖਿਆ ਲਈ ਜਾਂਦੀ ਹੈ ਉਸ ਲਈ ਵੀ ਤਿਆਰੀ ਕਰਵਾਈ ਜਾਵੇਗੀ। ਈ ਟੀ ਟੀ ਜਾਂ ਬੀ.ਐੱਡ. ਦੇ ਦਾਖਲੇ ਵਾਲੇ ਵਿਦਿਆਰਥੀ ਵੀ ਇਸ ਕੋਚਿੰਗ ਸੈਂਟਰ ਵਿਖੇ ਪਹੁੰਚ ਕੇ ਮੌਕੇ ਦਾ ਲਾਭ ਲੈ ਸਕਣਗੇ। ਇਸ ਦੇ ਨਾਲ ਹੀ ਬੈਂਕ ਵਿੱਚ ਨੌਕਰੀ ਹਾਸਲ ਕਰਨ ਲਈ ਵੀ ਟੈਸਟ ਲਿਆ ਜਾਂਦਾ ਹੈ ਜਾਂ ਸਟਾਫ ਸਿਲੈਕਸਨ ਕਮਿਸ਼ਨ ਵੱਲੋਂ ਜੋ ਵੀ ਭਰਤੀਆਂ ਕੀਤੀਆਂ ਜਾਂਦੀਆਂ ਹਨ ਸਾਰਿਆਂ ਲਈ ਹੀ ਟੈਸਟ ਰੱਖੇ ਜਾਂਦੇ ਹਨ ਇੰਨਾ ਸਾਰੇ ਟੈਸਟਾਂ ਲਈ ਮੁਫ਼ਤ ਤਿਆਰੀ ਇਸ ਸੈਂਟਰ ਵਿਖੇ ਕਰਵਾਈ ਜਾਵੇਗੀ। ਇਸ ਤੋਂ ਇਲਾਵਾ ਵਿਦਿਆਰਥੀਆਂ ਦੀ ਮੰਗ ਅਨੁਸਾਰ ਜੋ ਵੀ ਲੋੜ ਹੋਵੇਗੀ ਉਸ ਦਾ ਪੂਰਾ ਪ੍ਰਬੰਧ ਕੀਤਾ ਜਾਵੇਗਾ। ਇਸ ਸਮੇਂ ਸੂਬੇਦਾਰ ਲਖਬੀਰ ਸਿੰਘ ਨੇ ਕਿਹਾ ਕਿ ਇਹ ਕੋਚਿੰਗ ਸੈਂਟਰ ਸਾਡੇ ਨੌਜਵਾਨਾਂ ਲਈ ਰਾਹ ਦਸੇਰਾ ਬਣੇਗਾ ਤੇ ਇੱਥੋਂ ਕੋਚਿੰਗ ਲੈਕੇ ਚੰਗੀਆਂ ਨੌਕਰੀਆਂ ਹਾਸਲ ਕਰਨ ਦੇ ਯੋਗ ਹੋਣਗੇ। ਇਸ ਮੌਕੇ ਇੰਡੀਅਨ ਐਕਸ ਸਰਵਿਸ ਮੈਨ ਲੀਗ ਦੇ ਤਰਨ ਤਾਰਨ ਜ਼ਿਲ੍ਹਾ ਪ੍ਰਧਾਨ ਕੈਪਟਨ ਮੁਖਤਾਰ ਸਿੰਘ ਕੱਚਾ ਪੱਕਾ ਨੇ ਵੀ ਸੰਬੋਧਨ ਕੀਤਾ ਤੇ ਬ੍ਰਿਗੇਡੀਅਰ ਪਾਲ ਦੇ ਉੱਦਮ ਸਦਕਾ ਕੀਤੇ ਗਏ ਵਿਸੇਸ਼ ਉਪਰਾਲੇ ਲਈ ਵਧਾਈ ਦਿੱਤੀ ਤੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਸੀਂ ਇਸ ਸੁਚੱਜੇ ਉਪਰਾਲੇ ਤੋਂ ਫਾਇਦਾ ਉਠਾ ਕੇ ਜ਼ਿੰਦਗੀ ਵਿਚ ਸਫਲਤਾ ਹਾਸਲ ਕਰੋ। ਇਸ ਸਮੇਂ ਲੀਗ ਦੇ ਬਲਾਕ ਪ੍ਰਧਾਨ ਹੌਲਦਾਰ ਗੁਰਦੇਵ ਸਿੰਘ, ਮੀਤ ਪ੍ਰਧਾਨ ਨਿਰਵੈਲ ਸਿੰਘ ਧੁੰਨ , ਤੇਜਿੰਦਰ ਸਿੰਘ ਜਨਰਲ ਸਕੱਤਰ , ਦਿਲਬਾਗ ਸਿੰਘ ਰਾਣੀਵਲਾਹ ,ਸੁਰਜੀਤ ਸਿੰਘ ਧੁੰਨ, ਦੂਲਾ ਸਿੰਘ ਘੜਕਾ , ਕੈਪਟਨ ਤਰਲੋਕ ਸਿੰਘ ਘੜਕਾ , ਸੂਬੇਦਾਰ ਹਰਦੀਪ ਸਿੰਘ , ਸੂਬੇਦਾਰ ਸਰਮੁਖ ਸਿੰਘ , ਹਰਭਜਨ ਸਿੰਘ, ਪਰਗਟ ਸਿੰਘ, ਹਰਦੇਵ ਸਿੰਘ, ਦਿਲਜੋਧ ਸਿੰਘ, ਸੁਰਿੰਦਰ ਸਿੰਘ, ਅਤੇ ਸੂਬੇਦਾਰ ਨਰਿੰਦਰ ਸਿੰਘ ਆਦਿ ਹਾਜ਼ਰ ਸਨ। ਦੇਸ਼ ਭਗਤ ਬਾਬਾ ਸੁੱਚਾ ਸਿੰਘ ਯਾਦਗਾਰ ਹਾਲ ਚੋਹਲਾ ਸਾਹਿਬ ਦੇ ਖ਼ਜ਼ਾਨਚੀ ਅਮਰੀਕ ਸਿੰਘ ਨਿੱਕਾ ਚੋਹਲਾ ਅਤੇ ਕਮੇਟੀ ਮੈਂਬਰ ਅਵਤਾਰ ਸਿੰਘ ਗਿੱਲ , ਮਾਸਟਰ ਮਨਜਿੰਦਰ ਸਿੰਘ ਤੇ ਮਾਸਟਰ ਬਿਕਰਮ ਸਿੰਘ ਵੀ ਹਾਜ਼ਰ ਸਨ।

# ਕੁਲਦੀਪ ਸਿੰਘ ਸੋਨੂੰ ਨੂੰ ਜਿਲ੍ਹਾ ਪ੍ਰਧਾਨ ਸ੍ਰੋਮਣੀ ਅਕਾਲ ਦਲ ਬਾਦਲ ਨਿਯੁਕਤ ਕਰਨ ਤੇ ਖੁਸ਼ੀ ਦੀ ਲਹਿਰ।




**ਚੋਹਲਾ ਸਾਹਿਬ 1 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਸ੍ਰੋਮਣੀ ਅਕਾਲ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬੀਤੇ ਦਿਨੀਂ ਕੁਲਦੀਪ ਸਿੰਘ ਸੋਨੂੰ ਨੂੰ ਪਾਰਟੀ ਪ੍ਰਤੀ ਨਿਭਾਈ ਜਿੰਮੇਵਾਰੀ ਨੂੰ ਵੇਖਦੇ ਹੋਏ ਤਰਨ ਤਾਰਨ ਜਿਲ੍ਹਾ ਪ੍ਰਧਾਨ (ਸ਼ਹਿਰੀ)ਨਿਯੁਕਤ ਕੀਤਾ ਗਿਆ ਹੈ।ਇਸ ਸਮੇਂ ਜਾਣਕਾਰੀ ਦਿੰਦੇ ਹੋਏ ਹਲਕਾ ਖਡੂਰ ਸਾਹਿਬ ਤੋਂ ਸ੍ਰੋਮਣੀ ਅਕਾਲ ਦਲ ਬਾਦਲ ਪਾਰਟੀ ਦੇ ਸਾਬਕਾ ਵਿਧਾਇਕ ਅਤੇ ਮਾਝੇ ਦੇ ਜਰਨੈਲ ਰਣਜੀਤ ਸਿੰਘ ਬ੍ਰਹਮਪੁਰਾ ਦੇ ਸਪੁੱਤਰ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਦੱਸਿਆ ਕਿ ਸ੍ਰੋਮਣੀ ਅਕਾਲੀ ਦਲ ਪਾਰਟੀ ਹਮੇਸ਼ਾਂ ਹੀ ਪਾਰਟੀ ਨਾਲ ਦਿਲੋਂ ਜੁੜੇ ਵਰਕਰਾਂ ਅਤੇ ਸਪੋਟਰਾਂ ਦਾ ਸਤਿਕਾਰ ਕਰਦੀ ਰਹੀ ਹੈ ਅਤੇ ਉਹਨਾਂ ਨੂੰ ਪਾਰਟੀ ਵਿੱਚ ਮਾਨ ਸਨਮਾਨ ਦਿੰਦੀ ਰਹੀ ਹੈ।ਉਹਨਾਂ ਦੱਸਿਆ ਕਿ ਇਸੇ ਤਹਿਤ ਸ੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਨਾਲ ਦਿਨ ਰਾਤ ਇੱਕ ਕਰਕੇ ਕੰਮ ਕਰਨ ਵਾਲੇ ਸੀਨੀਅਰ ਅਕਾਲੀ ਆਗੂ ਕੁਲਦੀਪ ਸਿੰਘ ਸੋਨੂੰ ਸ੍ਰੋਮਣੀ ਅਕਾਲ ਦਲ ਬਾਦਲ ਪਾਰਟੀ ਦਾ ਜਿਲ੍ਹਾ ਤਰਨ ਤਾਰਨ ਦਾ ਸ਼ਹਿਰੀ ਪ੍ਰਧਾਨ ਨਿਯੁਕਤ ਕੀਤਾ ਹੈ ਜ਼ੋ ਕਿ ਮਾਨ ਵਾਲੀ ਗੱਲ ਹੈ।ਇਸ ਸਮੇਂ ਨਵਨਿਯੁਕਤ ਪ੍ਰਧਾਨ ਕੁਲਦੀਪ ਸਿੰਘ ਸੋਨੂੰ ਨੇ ਦੱਸਿਆ ਕਿ ਸ੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਵੱਲੋਂ ਜਿਹੜੀ ਜਿੰਮੇਵਾਰੀ ਉਹਨਾਂ ਨੂੰ ਸੌਂਪੀ ਗਈ ਹੈ ਉਹ ਜਿੰਮੇਵਾਰੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ। ਇਸ ਸਮੇਂ ਬੀਸੀ ਸੈੱਲ ਦੇ ਜਿਲ੍ਹਾ ਪ੍ਰਧਾਨ ਮਨਜਿੰਦਰ ਸਿੰਘ ਲਾਟੀ,ਸਾਬਕਾ ਸਰਪੰਚ ਅਮਰੀਕ ਸਿੰਘ,ਡਾਇਰੈਕਟਰ ਬਲਬੀਰ ਸਿੰਘ ਬੱਲੀ ਚੋਹਲਾ ਸਾਹਿਬ,ਅਵਤਾਰ ਸਿੰਘ ਰੈਮਡ ਵਾਲੇ,ਹਰਜਿੰਦਰ ਸਿੰਘ ਆੜ੍ਹਤੀਆ,ਡਾਕਟਰ ਜਤਿੰਦਰ ਸਿੰਘ ਮੈਡੀਕਲ ਸਟੋਰ ਵਾਲੇ,ਸੂਬੇਦਾਰ ਹਰਬੰਸ ਸਿੰਘ,ਗੁਰਦਿਆਲ ਸੈਕਟਰੀ,ਗੁਰਜੀਤ ਸਿੰਘ ਟੈਂਟ ਹਾਊਸ ਵਾਲੇ,ਪ੍ਰਧਾਨ ਜਗਰੂਪ ਸਿੰਘ ਪੱਖੋਪੁਰ,ਕੁਰਿੰਦਰਜੀਤ ਸਿੰਘ ਨਿੱਕਾ ਚੋਹਲਾ,ਗੁਰਦੇਵ ਸਿੰਘ ਆਦਿ ਹਾਜਰ ਸਨ।

# ਸ਼੍ਰੋਮਣੀ ਕਮੇਟੀ ਵੱਲੋਂ ਅੰਮ੍ਰਿਤਧਾਰੀ ਬੱਚਿਆਂ ਨੂੰ 2 ਕਰੋੜ 28 ਲੱਖ ਰੁਪਏ ਦੇ ਵਜੀਫੇ ਜਾਰੀ



**ਅੰਮ੍ਰਿਤਸਰ, ਚੋਹਲਾ ਸਾਹਿਬ 1 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਦਿਅਕ ਅਦਾਰਿਆਂ ਵਿਚ ਪੜ੍ਹ ਰਹੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਧਰਮ ਪ੍ਰਚਾਰ ਕਮੇਟੀ ਵੱਲੋਂ ਸਾਲ 2025-26 ਲਈ 2 ਕਰੋੜ 28 ਲੱਖ 98 ਹਜ਼ਾਰ 500 ਰੁਪਏ ਦੀ ਵਜੀਫਾ ਰਾਸ਼ੀ ਦਿੱਤੀ ਗਈ ਹੈ। ਅੱਜ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਵਜੀਫ਼ਾ ਰਾਸ਼ੀ ਦੇ ਚੈੱਕ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਦਿਅਕ ਅਦਾਰਿਆਂ ਦੇ ਨੁਮਾਇੰਦਿਆਂ ਨੂੰ ਸੌਂਪੇ।

ਇਸ ਮੌਕੇ ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਹਮੇਸ਼ਾ ਕਾਰਜਸ਼ੀਲ ਰਹੀ ਹੈ। ਜਿਥੇ ਦੇਸ਼ ਭਰ ਅੰਦਰ ਗੁਰਮਤਿ ਸਮਾਗਮਾਂ ਰਾਹੀਂ ਸਿੱਖੀ ਪ੍ਰਚਾਰ ਕੀਤਾ ਜਾਂਦਾ ਹੈ, ਉਥੇ ਹੀ ਧਰਮ ਪ੍ਰਚਾਰ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਵਿਦਿਅਕ ਅਦਾਰਿਆਂ ਦੇ ਅੰਮ੍ਰਿਤਧਾਰੀ ਵਿਦਿਆਰਥੀਆਂ ਲਈ ਵਜੀਫਾ ਰਾਸ਼ੀ ਦੀ ਯੋਜਨਾ ਵੀ ਚਲਾਈ ਜਾ ਰਹੀ ਹੈ। ਇਸ ਤਹਿਤ ਹਰ ਸਾਲ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਫੀਸਾਂ ਲਈ ਕਰੋੜਾਂ ਰੁਪਏ ਵਜੀਫੇ ਵਜੋਂ ਦਿੱਤੇ ਜਾਂਦੇ ਹਨ। ਇਸ ਵਾਰ 3743 ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ 2 ਕਰੋੜ 28 ਲੱਖ 98 ਹਜ਼ਾਰ 500 ਰੁਪਏ ਦੀ ਰਾਸ਼ੀ ਵੰਡੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਧਰਮ ਪ੍ਰਚਾਰ ਕਮੇਟੀ ਵੱਲੋਂ ਹਰ ਸਾਲ ਧਾਰਮਿਕ ਪ੍ਰੀਖਿਆ ਰਾਹੀਂ ਵੀ ਵਿਸ਼ੇਸ਼ ਤੌਰ 'ਤੇ ਵਜੀਫੇ ਦਿੱਤੇ ਜਾਂਦੇ ਹਨ। ਉਨ੍ਹਾਂ ਵਜੀਫਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਗੁਰਸਿੱਖੀ ਜੀਵਨ ਵਿਚ ਪ੍ਰਪੱਕ ਰਹਿਣ ਲਈ ਪ੍ਰੇਰਣਾ ਕੀਤੀ। ਉਨ੍ਹਾਂ ਸੰਗਤ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਬਾਣੀ ਅਤੇ ਬਾਣੇ ਨਾਲ ਜੋੜਨ, ਤਾਂ ਜੋ ਇਨ੍ਹਾਂ ਯੋਜਨਾਵਾਂ ਦਾ ਵੱਧ ਤੋਂ ਵੱਧ ਨੌਜੁਆਨ ਲਾਭ ਲੈ ਸਕਣ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਇੰਜੀ: ਸੁਖਮਿੰਦਰ ਸਿੰਘ, ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਸ. ਬਿਜੈ ਸਿੰਘ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸ. ਸੁਖਬੀਰ ਸਿੰਘ, ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ, ਡਾ. ਗੁਰਜੀਤ ਸਿੰਘ, ਡਾ. ਰੁਪਿੰਦਰ ਸਿੰਘ, ਬੀਬੀ ਮਨਿੰਦਰਪਾਲ ਕੌਰ, ਸ੍ਰੀਮਤੀ ਮਮਤਾ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਇੰਚਾਰਜ ਸ. ਜੋਗੇਸ਼ਵਰ ਸਿੰਘ, ਚੀਫ਼ ਅਕਾਊਂਟੈਂਟ ਸ. ਮਨਿੰਦਰਪਾਲ ਸਿੰਘ ਆਦਿ ਮੌਜੂਦ ਸਨ।

# ਬਾਬਾ ਪ੍ਰਗਟ ਸਿੰਘ ਗੁਰਦੁਆਰਾ ਬਾਬਾ ਲੂੰਆਂ ਸਾਹਿਬ ਵੱਲੋਂ ਸਿੱਖੀ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ : ਐਡਵੋਕੇਟ ਹਰਜਿੰਦਰ ਸਿੰਘ ਧਾਮੀ



**ਚੋਹਲਾ ਸਾਹਿਬ 1 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਗੁਰਦੁਆਰਾ ਬਾਬਾ ਲੂੰਆਂ ਸਾਹਿਬ ਚੋਹਲਾ ਸਾਹਿਬ ਦੇ ਜਥੇਦਾਰ ਬਾਬਾ ਪ੍ਰਗਟ ਸਿੰਘ ਵੱਲੋਂ ਲੰਮੇ ਸਮੇਂ ਤੋਂ ਸਿੱਖੀ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਅਤੇ ਰਾਤ ਦਿਨ ਗੁਰਦੁਆਰਾ ਸਾਹਿਬ ਦੇ ਨਾਲ ਨਾਲ ਵੱਖ ਵੱਖ ਧਾਰਮਿਕ ਸਥਾਨਾਂ ਤੇ ਸੇਵਾ ਕੀਤੀ ਜਾ ਰਹੀ ਹੈ।ਬੀਤੇ ਦਿਨੀਂ ਗੁਰਦੁਆਰਾ ਬਾਬਾ ਨੋਧ ਸਿੰਘ ਜੀ ਚੱਬਾ ਵਿਖੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ,ਮੁੱਖ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ,ਰਜਿੰਦਰ ਸਿੰਘ ਮਹਿਤਾ ਨਤਮਸਤਕ ਹੋਏ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।ਇਸ ਸਮੇਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟ ਸ੍ਰੀ ਅੰਮ੍ਰਿਤਸਰ ਵੱਲੋਂ ਬਾਬਾ ਪ੍ਰਗਟ ਸਿੰਘ ਦਾ ਸਨਮਾਨ ਕੀਤਾ ਅਤੇ ਕਿਹਾ ਕਿ ਬਾਬਾ ਪ੍ਰਗਟ ਸਿੰਘ ਸਿੱਖੀ ਦਾ ਪ੍ਰਚਾਰ ਕਰ ਰਹੇ ਹਨ ਅਤੇ ਉਹਨਾਂ ਬਾਬਾ ਪ੍ਰਗਟ ਸਿੰਘ ਨੂੰ ਹੋਰ ਸਿੱਖੀ ਦਾ ਪ੍ਰਚਾਰ ਕਰਨ ਅਤੇ ਸੇਵਾ ਕਰਨ ਲਈ ਪ੍ਰੇਰਿਆ।ਇਸ ਸਮੇਂ ਬਾਬਾ ਪ੍ਰਗਟ ਸਿੰਘ ਨੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਵਿਸ਼ਵਾਸ਼ ਦਿਵਾਇਆ ਕਿ ਉਹ ਸਿੱਖੀ ਦਾ ਪ੍ਰਚਾਰ ਕਰਨ ਲਈ ਹੋਰ ਵੀ ਸੇਵਾ ਭਾਵਨਾ ਨਾਲ ਅੱਗੇ ਵੱਧਣਗੇ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

